ਸਾਂਝੀ ਵਿਰਾਸਤ

ਅੰਕ 45 ਜਿਲਦ 4

1-ਅੱਸੂ 557 / 15-ਸਤੰਬਰ 2025

ਸਾਂਝੀ ਵਿਰਾਸਤ (Shared Heritage)

ਪੰਜਾਬੀ ਭਾਸ਼ਾ, ਸਭਿਅਤਾ, ਇਤਿਹਾਸ ਅਤੇ ਵਿਰਾਸਤ ਦੀ ਔਨਲਾਈਨ

ਗੈਰ-ਸਿਆਸੀ ਮਾਸਿਕ ਮੈਗਜ਼ੀਨ

A monthly Non-political, Not-for-profit (Bilingual) On-line magazine of

Punjabi Language, Culture, History and Heritage

Website: sanjhivirasat.org

ਵਿਸ਼ਾ ਸੂਚੀ

(1-ਅੱਸੂ 557 / 15-ਸਤੰਬਰ 2025 ਅੰਕ)

1.	ਸੰਪਾਦਕੀ ਨੋਟ	ਮੁਖ ਸੰਪਾਦਕ	3
2.	ਬਾਰਹ ਮਾਹਾ (ਤੁਖਾਰੀ) ਦਾ ਪਾਠ ਅਤੇ ਵਿਆਖਿਆ	ਪ੍ਰੋਫੈਸਰ ਸਰਦਾਰ ਮਨਿੰਦਰ ਸਿੰਘ	4
3.	ਬਾਰਹ ਮਾਹਾ (ਮਾਝ) ਦਾ ਪਾਠ ਅਤੇ ਵਿਆਖਿਆ	ਸਰਦਾਰ ਕਰਮਜੀਤ ਸਿੰਘ ਨੂਰ	5
4.	ਕਿਸ ਨੂੰ ਦਰਦ ਸੁਣਾਵਾਂ ਭਗਤ ਸਿੰਘ	ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ	7
5.	ਸ਼ਹਾਦਤਾਂ ਦੇ ਸਫਰ ਦੇ ਗੁੱਝੇ ਭੇਦ (ਭਾਗ-5)	ਸਰਦਾਰਨੀ ਗੁਰਨਾਮ ਕੌਰ	8
6.	ਗੁਰੂ ਚਰਨਾਂ ਤੇ ਸਿੱਖ ਅਸਥਾਨਾੱ ਨਾਲ ਸੁਸ਼ੋਭਿਤ - ਡਰੋਲੀ ਭਾਈ	ਡਾ. ਸਰਦਾਰ ਕਾਬਲ ਸਿੰਘ	10-12
7.	ਬਾਣੀ ਗੁਰੂ ਗੁਰੂ ਹੈ ਬਾਣੀ	(ਸਲੋਕ ਮਹਲਾ - 4) SGGS - 982	13
8.	ਸੱਚ ਦਾ ਫੁੱਲ (ਕਵਿਤਾ)	ਪ੍ਰੋਫੈਸਰ ਸਰਦਾਰ ਮਨਿੰਦਰ ਸਿੰਘ	14
9.	How *Dyala* is my Guru	Sardarni Navdeep Kaur Sandhu	16
10	ਜੋਤੀ ਜੋਤਿ ਰਲੀ॥ ਭਾਗ - 2	ਸਰਦਾਰ ਨਿਰਮਲ ਸਿੰਘ ਵੈਦ	17
11.	S. Jagtar Singh Bhatti	Dr S. Raja Balraj Singh	20
12.	ਸਰਦਾਰ ਕਿਰਪਾਲ ਸਿੰਘ ਪੰਨੂੰ - ਸਮਾਜ ਸੇਵਕ : ਬਹੁ-ਪੱਖੀ ਸ਼ਖਸੀਅਤ ਦੇ ਮਾਲਕ	ਸਰਦਾਰ ਸੁਖਦੇਵ ਸਿੰਘ ਝੰਡ	23-25
13.	Bhai Kirpa Singh (of Mattan, Kashmir) – A Devoted Sikh of Guru Teg Bahadur Ji	Dr. Sardar Jasbir Singh Sarna	26-29
14.	ਧਰਤੀ ਦੀ ਧੀ - ਸਾਖਸ਼ੀ ਸਾਹਨੀ IAS (ਸਰੀ ਨਿਊਜ਼ ਤੋਂ)	ਸਰਦਾਰ ਵਰਿਆਮ ਸਿੰਘ ਸੰਧੂ	30-32
15.	ਇੱਕ ਕਿਰਤੀ ਗੁਰਸਿੱਖ - ਭਾਈ ਲਾਲੋ	ਸਰਦਾਰ ਜਸਵਿੰਦਰ ਸਿੰਘ 'ਰੁਪਾਲ'	33
16.	Gurbani Perspective of Suffering	Professor S. Surjit Singh Bhatti	36
17.	Book Review (Author : Dr D P Singh)	Reviewer Dr Rajbir Singh Bhatti	37
18.	ਇਸ ਅੰਕ ਦੇ ਲੇਖਕਾਂ ਬਾਰੇ ਜਾਣਕਾਰੀ	ਸਾਂਝੀ ਵਿਰਾਸਤ	38
19.	ਲੇਖਕਾਂ ਲਈ ਜ਼ਰੂਰੀ ਜਾਣਕਾਰੀ	ਸਾਂਝੀ ਵਿਰਾਸਤ	39
20	ਐਡੀਟੋਰੀਅਲ ਬੋਰਡ ਤੇ ਸਲਾਹਕਾਰ	ਸਾਂਝੀ ਵਿਰਾਸਤ	40

ਸੰਪਾਦਕੀ ਨੋਟ

ਮੂਲ ਨਾਨਕਸ਼ਾਹੀ ਕੈਲੰਡਰ ਅਨੁਸਾਰ ਅੱਸੂ ਦਾ ਮਹੀਨਾ 15 ਸਤੰਬਰ ਤੋਂ ਸ਼ੁਰੂ ਹੁੰਦਾ ਹੈ। ਇਸ ਵਿਚ ਸਾਰੇ ਸਿੱਖ ਗੁਰਪੁਰਬਾਂ ਅਤੇ ਤਿਉਹਾਰਾਂ ਦੀਆਂ ਤਾਰੀਖਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ 'ਬਾਰਹ ਮਾਹਾ' ਦੀਆਂ ਰੁੱਤਾਂ ਅਨੁਸਾਰ ਅਤੇ ਨਿਸਚਿਤ ਹੁੰਦੀਆਂ ਹਨ ਅਤੇ ਕਦੀ ਵੀ ਬਦਲਦੀਆਂ ਨਹੀਂ।

ਪਹਿਲੀ ਸਤੰਬਰ 1604 ਨੂੰ ਆਦਿ ਗ੍ਰੰਥ (ਜਾਂ ਪੋਥੀ ਸਾਹਿਬ) ਦਾ ਪਹਿਲਾ ਪ੍ਰਕਾਸ਼ ਦਰਬਾਰ ਸਾਹਿਬ, ਅਮ੍ਰਿਤਸਰ, ਵਿਖੇ ਗੁਰੂ ਅਰਜਨ ਸਾਹਿਬ ਦੀ ਮੌਜੂਦਗੀ ਵਿਚ ਬਾਬਾ ਬੁੱਢਾ ਜੀ ਨੇ ਕੀਤਾ। ਬਾਅਦ ਵਿਚ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਇਸੇ ਵਿਚ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਸ਼ਾਮਲ ਕਰ ਕੇ 1708 ਵਿਚ "ਸ੍ਰੀ ਗੁਰੂ ਗ੍ਰੰਥ ਸਾਹਿਬ" ਦਾ ਮੌਜੂਦਾ ਸਰੂਪ ਅਤੇ "ਸਦੀਵੀ ਗੁਰੂ" ਦਾ ਦਰਜਾ ਦਿੱਤਾ। ਗੁਰੂ ਅਮਰਦਾਸ ਜੀ ਦਾ ਜੋਤੀ ਜੋਤ ਸਮਾਵਣ ਅਤੇ ਗੁਰੂ ਰਾਮਦਾਸ ਜੀ ਦਾ ਗੁਰਗੱਦੀ ਦਿਵਸ 2 ਅੱਸੂ (16 ਸਤੰਬਰ) ਨੂੰ ਹੈ। ਗੁਰੂ ਅੰਗਦ ਦੇਵ ਜੀ ਦਾ ਗੁਰਗੱਦੀ ਦਿਵਸ 4 ਅੱਸੂ (18 ਸਤੰਬਰ) ਨੂੰ ਹੈ।

ਕੁਝ ਹੋਰ ਮਹੱਤਵ-ਪੂਰਣ ਘਟਨਾਵਾਂ ਇਹ ਹਨ। ਸਤੰਬਰ ਵਿਚ ਚੰਦ ਉਤੇ 7 ਅਤੇ 21 ਤਰੀਕ ਨੂੰ ਗ੍ਰਹਿਣ ਲਗੇਗਾ। ਵਿਗਿਆਨਕ ਧਰਤੀ ਦੇ ਵਾਤਾਵਰਣ ਅਤੇ ਮੌਸਮ ਬਾਰੇ ਅਧਿਐਨ ਕਰ ਸਕਣਗੇ। ਜਾਣਕਾਰੀ ਲਈ ਇਹ ਲਿੰਕ ਹੈ।

https://1drv.ms/v/s!Ai_pw6JFNFuHioVshxs25FORc7arjg?e=ynQwRl

ਹਾਲ ਵਿਚ ਹੀ ਆਸਟ੍ਰੇਲਿਆ ਵਿਚ ਭੋਜਨ ਸੁਰੱਖਿਆ ਯਕੀਨੀ ਕਰਨ ਲਈ ਪੰਜਾਬੀ ਵਿਗਿਆਨੀ ਡਾ. ਸੁਖਵਿੰਦਰ ਪਾਲ ਸਿੰਘ ਨੂੰ ਆਸਟ੍ਰੇਲਿਅਨ ਇਨਸਟੀਚਿਉਟ (AIFST) ਦੇ "ਭੋਜਨ ਸੁਰੱਖਿਆ ਪੁਰਸਕਾਰ" ਨਾਲ ਸਨਮਾਨਿਆ ਗਿਆ।

ਕਈ ਦੇਸਾਂ ਵਿਚ 5 ਸਤੰਬਰ ਨੂੰ ਅਧਿਆਪਕ ਦਿਵਸ ਮਨਾਇਆ ਜਾਂਦਾ ਹੈ। ਦਿੱਲੀ ਯੁਨੀਵਰਸਿਟੀ ਨੇ ਅਗਲੇ ਸਾਲ ਤੋਂ ਆਪਣੇ ਗ੍ਰੈਜੂੇਸ਼ਨ ਕੋਰਸ ਵਿਚ ਇੱਕ "ਸਿੱਖ ਸਿਲੇਬਸ" (Sikh Syllabus) ਸ਼ਾਮਲ ਕਰਨ ਦਾ ਫੈਸਲਾ ਕੀਤਾ ਹੈ । ਇਹ ਇੱਕ ਸ਼ਲਾਘਾਯੁਗ ਕਦਮ ਹੈ।

ਲੇਖਕ ਆਪਣੀਆਂ ਪੰਜਾਬੀ ਦੀਆਂ (ਗੁਰਮੁਖੀ ਲਿਪੀ ਵਿਚ) ਜਾਂ ਅੰਗਰੇਜ਼ੀ ਵਿਚ ਮੌਲਿਕ ਰਚਨਾਵਾਂ ਭੇਜ ਸਕਦੇ ਹਨ। ਬਹੁਤ ਲੰਬੇ ਲੇਖ ਵੈਬਸਾਈਟ (sanjhivirasat.org) ਦੇ 'ਬਲਾਗ' ਉਤੇ ਜਾਂ ਲੜੀਵਾਰ ਛਾਪੇ ਜਾ ਸਕਦੇ ਹਨ। ਲਿਖਤਾਂ ਕਿਸੇ ਧਰਮ, ਸੰਸਥਾ ਵਿਰੁੱਧ ਜਾਂ ਕਿਸੇ ਵਿਵਾਦਤ ਵਿਅਕਤੀ ਬਾਰੇ ਨਾ ਹੋਣ। ਲਿਖਤਾਂ ਅਤੇ ਸੁਝਾਵਾਂ ਲਈ ਧੰਨਵਾਦ।

ਮੁੱਖ ਸੰਪਾਦਕ, ਕੈਲਗਰੀ (ਕੈਨੇਡਾ)
surjitsinghbhatti@gmail.com

ਤੁਖਾਰੀ ਛੰਤ ਮਹਲਾ 1 ਬਾਰਹ ਮਾਹਾ

ੴ ਸਤਿਗੁਰ ਪ੍ਰਸਾਦਿ

ਅਸੁਨਿ ਆਉ ਪਿਰਾ ਸਾ ਧਨ ਝੂਰਿ ਮੁਈ ॥
ਤਾ ਮਿਲੀਐ ਪ੍ਰਭ ਮੇਲੇ ਦੂਜੈ ਭਾਇ ਖੁਈ ॥
ਝੂਠਿ ਵਿਗੁਤੀ ਤਾ ਪਿਰ ਮੁਤੀ ਕੁਕਹ ਕਾਹ ਸਿ ਫੁਲੇ ॥
ਆਗੈ ਘਾਮ ਪਿਛੈ ਰੁਤਿ ਜਾਡਾ ਦੇਖਿ ਚਲਤ ਮਨੁ ਡੋਲੇ ॥
ਦਹ ਦਿਸਿ ਸਾਖ ਹਰੀ ਹਰੀਆਵਲਾ ਸਹਜਿ ਪਕੈ ਸੋ ਮੀਠਾ ॥
ਨਾਨਕ ਅਸੁਨਿ ਮਿਲਹੁ ਪਿਆਰੇ ਸਤਿਗੁਰ ਭਏ ਬਸੀਠਾ ॥

ਵਿਆਖਿਆ

ਪ੍ਰੋਫ਼ੈਸਰ ਸਰਦਾਰ ਮਨਿੰਦਰ ਸਿੰਘ, ਐਡਮਿੰਟਨ (ਕੈਨੇਡਾ)

ਲਗਾਤਾਰ ਬਦਲ ਰਹੀ ਕੁਦਰਤ ਦੇ ਪਿਛੋਕੜ ਵਿਚ ਸਤਿਗੁਰਾਂ ਨੇ ਪ੍ਰਭੂ ਪਤੀ ਤੋਂ ਵਿਛੜੀ ਜੀਵ ਰੂਪ ਇਸਤ੍ਰੀ ਦੇ ਮਨੋਭਾਵਾਂ ਦਾ ਬੜਾ ਵੇਦਨਾਮਈ ਵਰਣਨ ਕੀਤਾ ਹੈ । ਭਾਦਰੋਂ ਦੀ ਹੁੰਮਸ ਤੇ ਗਰਮੀ ਮਗਰੋਂ ਅਸੂ ਦੀ ਸੁਹਾਵਣੀ ਰੁੱਤ ਵਿਚ ਜੀਵ ਇਸਤ੍ਰੀ ਦੇ ਮਨ ਵਿਚ ਪ੍ਰਭੂ ਮਿਲਾਪ ਦੀ ਤਾਂਘ ਪਰਬਲ ਹੁੰਦੀ ਹੈ । ਉਹ ਪ੍ਰਭੂ ਮਿਲਾਪ ਤੋਂ ਬਿਨਾ ਵਿਅਕੁਲ ਹੈ । ਸੰਸਾਰ ਦੀ ਮੋਹ ਮਾਇਆ ਵਿਚ ਗੁਆਚੀ ਹੋਈ ਅਰਦਾਸ ਕਰਦੀ ਹੈ ਕਿ ਪ੍ਰਭੂ ਆਪਣੀ ਕਿਰਪਾ ਦ੍ਰਿਸ਼ਟੀ ਨਾਲ ਉਸਨੂੰ ਆਪਣੇ ਨਾਲ ਮਿਲਾ ਲਏ ।ਦੁਨੀਆ ਦੇ ਝੂਠੇ ਮੋਹ ਪਿਆਰ ਵਿਚ ਫੱਸ ਕੇ ਮਨੁੱਖ ਆਪਣੇ ਪ੍ਰੀਤਮ ਪ੍ਰਭੂ ਨਾਲੋਂ ਵਿਛੜ ਕੇ ਖੁਆਰ ਹੋ ਰਿਹਾ ਹੈ। ਪਿਲਛੀ ਤੇ ਕਾਹੀ ਦੇ ਸਫ਼ੈਦ ਬੂਰ ਵਾਂਗ ਕੇਸ ਚਿੱਟੇ ਹੋ ਗਏ ਹਨ। ਮੌਸਮ ਦੇ ਬਦਲਣ ਵਾਂਗ ਸਰੀਰ ਦਾ ਨਿੱਘ ਪਿਛੇ ਰਹਿ ਗਿਆ ਹੈ ਤੇ ਅਗਲੇ ਮੌਸਮ ਵਾਂਗ ਸਰਦੀ ਤੇ ਪਾਲੇ ਵਰਗੀ ਸਰੀਰਕ ਕਮਜ਼ੋਰੀ ਨੇ ਘੇਰ ਲਿਆ ਹੈ।

ਇਹ ਤਮਾਸ਼ਾ ਵੇਖ ਕੇ ਮਨ ਘਬਰਾ ਜਾਂਦਾ ਹੈ। ਪਰੰਤੂ ਆਸ ਪਾਸ ਬਨਸਪਤੀ ਦੀਆਂ ਹਰੀਆਂ ਸ਼ਾਖਾਵਾਂ ਵੇਖ ਕੇ ਮਨ ਵਿਚ ਧੀਰਜ ਆ ਜਾਂਦਾ ਹੈ।ਜਿਹੜਾ ਜੀਵ ਅਡੋਲ ਅਵੱਸਥਾ ਵਿਚ ਪ੍ਰਭੂ ਦੁਆਰਾ ਹੋ ਰਹੇ ਪ੍ਰਵਰਤਨ ਵਿਚ ਮਨ ਨੂੰ ਟਿਕਾ ਕੇ ਅਡੋਲ ਅਵੱਸਥਾ ਵਿਚ ਰਹਿੰਦਾ ਹੈ ਉਹ ਜੀਵਨ ਦੀ ਮਿਠਾਸ ਅਨੁਭਵ ਕਰਦਾ ਹੈ। ਸਤਗੁਰਾਂ ਦੀ ਵਿਚੋਲਗੀ ਨਾਲ ਹੇ ਪਿਆਰੇ ਪ੍ਰਭੂ! ਅਸੂ ਰੂਪੀ ਇਸ ਉਮਰ ਵਿਚ ਮੇਹਰ ਕਰ ਕੇ ਮੈਨੂੰ ਆਪਣੇ ਮਿਲਾਪ ਦੀ ਦਾਤ ਬਖਸ਼ੋ

ਅੱਸੂ ਮਹੀਨੇ ਦਾ ਪਾਠ ਅਤੇ ਉਸ ਦੀ ਵਿਆਖਿਆ

ਬਾਰਹ ਮਾਹਾ ਮਾਂਝ ਮਹਲਾ ੫ ਘਰੁ ੪

੧ੴ ਸਤਿਗੁਰ ਪ੍ਰਸਾਦਿ

ਅਸੁਨਿ ਪ੍ਰੇਮ ਉਮਾਹੜਾ ਕਿਉ ਮਿਲੀਐ ਹਰਿ ਜਾਇ ॥
ਮਨਿ ਤਨਿ ਪਿਆਸ ਦਰਸਨ ਘਣੀ ਕੋਈ ਆਣਿ ਮਿਲਾਵੈ ਮਾਇ॥
ਸੰਤ ਸਹਾਈ ਪ੍ਰੇਮ ਕੇ ਹਉ ਤਿਨ ਕੈ ਲਾਗਾ ਪਾਇ ॥
ਵਿਣੁ ਪ੍ਰਭ ਕਿਉ ਸੁਖੁ ਪਾਈਐ ਦੂਜੀ ਨਾਹੀ ਜਾਇ ॥
ਜਿੰਨ੍ਹੀ ਚਾਖਿਆ ਪ੍ਰੇਮ ਰਸੁ ਸੇ ਤ੍ਰਿਪਤਿ ਰਹੇ ਆਘਾਇ ॥
ਆਪੁ ਤਿਆਗਿ ਬਿਨਤੀ ਕਰਹਿ ਲੇਹੁ ਪ੍ਰਭੂ ਲੜਿ ਲਾਇ ॥
ਜੋ ਹਰਿ ਕੰਤਿ ਮਿਲਾਈਆ ਸਿ ਵਿਛੁੜਿ ਕਤਹਿ ਨ ਜਾਇ ॥
ਪ੍ਰਭ ਵਿਣੁ ਦੂਜਾ ਕੋ ਨਹੀ ਨਾਨਕ ਹਰਿ ਸਰਣਾਇ ॥
ਅਸੂ ਸੁਖੀ ਵਸੰਦੀਆ ਜਿਨਾ ਮਇਆ ਹਰਿ ਰਾਇ ॥

ਵਿਆਖਿਆ

ਇੰਜੀਨੀਅਰ ਸਰਦਾਰ ਕਰਮਜੀਤ ਸਿੰਘ ਨੂਰ, ਜਲੰਧਰ

ਅੱਸੂ ਦੇ ਮਹੀਨੇ ਰਾਹੀਂ ਪੰਚਮ ਪਾਤਸ਼ਾਹ ਉਪਦੇਸ਼ ਕਰ ਰਹੇ ਹਨ ਕਿ ਅੱਸੂ ਦੀ ਮਿੱਠੀ ਮਿੱਠੀ ਰੁੱਤ ਵਿਚ ਪ੍ਰਭੂ ਦਾ ਪ੍ਰੇਮ ਉਛਾਲੇ ਮਾਰਦਾ ਹੈ ਕਿ ਉਸ ਨੂੰ ਕਿਵੇਂ ਮਿਲਿਆ ਜਾਵੇ। ਮਨ ਅਤੇ ਤਨ ਵਿਚ ਉਸ ਦੇ ਦਰਸ਼ਨਾਂ ਦੀ ਬੜੀ ਪਿਆਸ ਲੱਗੀ ਹੈ। ਪ੍ਰਭੂ ਦੇ ਪਿਆਰੇ ਏਸ ਪ੍ਰੇਮ ਨੂੰ ਵਧਾਉਣ ਵਿਚ ਮਦਦਗਾਰ ਹੁੰਦੇ ਹਨ, ਮੈਂ ਉਨ੍ਹਾਂ ਦੀ ਚਰਨੀਂ ਲਗਾਂ। ਪ੍ਰਭੂ ਤੋਂ ਬਿਨਾਂ ਆਨੰਦ ਦੀ ਪ੍ਰਾਪਤੀ ਕਿਵੇਂ ਹੋਵੇ ਜਦੋਂ ਕੋਈ ਹੋਰ ਥਾਂ ਨਹੀਂ ਹੈ।

ਜਿਨ੍ਹਾਂ ਨੇ ਪ੍ਰਭੂ ਦੇ ਪ੍ਰੇਮ ਦਾ ਸਵਾਦ ਚੱਖ ਲਿਆ, ਉਹ ਰੱਜ ਗਏ ਹਨ। ਉਹ ਆਪਾ ਭਾਵ ਤਿਆਗ ਕੇ ਅਰਦਾਸ ਕਰਦੇ ਹਨ ਕਿ ਪ੍ਰਭੂ ਅਪਨੇ ਲੜ ਲਾਈ ਰੱਖੇ। ਜਿਨ੍ਹਾਂ ਜੀਵ-ਇਸਤ੍ਰੀਆਂ ਨੂੰ ਪ੍ਰਭੂ ਪਤੀ ਨੇ ਆਪਣੇ ਨਾਲ ਮਿਲਾ ਲਿਆ ਹੈ ਉਹ ਫਿਰ ਵਿੱਛੜ ਕੇ ਕਿਤੇ ਨਹੀਂ ਜਾਂਦੀਆਂ। ਕਿਉਂਕਿ ਪ੍ਰਭੂ ਦੀ ਸ਼ਰਨ ਤੋਂ ਬਿਨਾਂ ਹੋਰ ਕੋਈ ਥਾਂ ਨਹੀਂ ਹੈ। ਜਿਨ੍ਹਾਂ ਤੇ ਪ੍ਰਭੂ ਦੀ ਕਿਰਪਾ ਹੁੰਦੀ ਹੈ ਉਹ ਜੀਵ-ਇਸਤ੍ਰੀਆਂ ਸੁਖੀ ਵਸਦੀਆਂ ਹਨ।

ਬਾਰਹ ਮਾਹਾ ਮਾਂਝ ਮਹਲਾ ੫ ਵਿਚੋਂ ਅੱਸੂ ਮਹੀਨੇ ਦੇ ਪਾਠ ਦੀ

ਕਾਵਿਕ ਵਿਆਖਿਆ

ਇੰਜੀਨੀਅਰ ਸਰਦਾਰ ਕਰਮਜੀਤ ਸਿੰਘ ਨੂਰ, ਜਲੰਧਰ 98150 23970

ਅੱਸੂਆ ਵੇ !

ਦੱਸ ਕਿਵੇਂ ਮਿਲਾਂ ਮੈਂ ਪਿਆਰੜੇ ਨੂੰ,
ਬੜਾ ਮੈਨੂੰ ਚਾਅ ਤੇ ਉਮਾਹ ਹੈ ।
ਆਣ ਕੇ ਮਿਲਾਵੇ,
ਮੇਰੀ ਪਿਆਸ ਨੂੰ ਬੁਝਾਵੇ ਕੋਈ।
ਤਨੋਂ ਮਨੋਂ ਮਿਲਣੇ ਦੀ ਚਾਹ ਹੈ ।
ਪ੍ਰਭੂ ਦੇ ਪਿਆਰੇ ਸੰਤ ਕਰਨਗੇ ਸਹਾਇਤਾ,
ਜੇ ਚਰਨੀ ਉਨ੍ਹਾਂ ਦੇ ਲੱਗ ਜਾਵਾਂਗੇ ।
ਪ੍ਰਭੂ ਤੋਂ ਬਗੈਰ ਦੂਜੀ ਥਾਂ ਹੀ ਨਹੀਂ ਹੋਰ ਕੋਈ,
ਦੱਸੋ ਫੇਰ ਸੁੱਖ ਕਿੱਥੇ ਪਾਵਾਂਗੇ ।
ਚੱਖ ਲਿਆ ਰਸ ਜਿੰਨਾਂ ਪ੍ਰਭੂ ਦੇ ਪ੍ਰੇਮ ਵਾਲਾ,
ਰੱਜ ਗਏ ਤੇ ਹੋ ਗਏ ਨਿਹਾਲ ਉਹ ।
ਆਪਾ ਭਾਵ ਛੱਡ ਕੇ ਤੇ ਕਰਦੇ ਨੇ ਬੇਨਤੀ,
ਜੇ ਲਾਵੇ ਲੜ ਆਪਣੇ ਦੇ ਨਾਲ ਉਹ ।
ਜਿਨ੍ਹਾਂ ਨੂੰ ਪ੍ਰਭੂ ਪਤੀ ਨਾਲ ਹੈ ਮਿਲਾ ਲੈਂਦਾ,
ਸਕਦਾ ਵਿਛੋੜਾ ਕਦੇ ਪੈ ਨਹੀਂ ।
ਨਾਨਕ ਆਖਦੇ ਨੇ, ਮੈਂ ਹਾਂ ਉਹਦੀ ਸ਼ਰਨ ਵਿੱਚ,
ਜੀਹਦੇ ਬਿਨਾਂ ਦੂਜਾ ਹੋਰ ਹੈ ਨਹੀਂ ।
ਅੱਸੂ ਦੇ ਮਹੀਨੇ ਵਿੱਚ ਉਹੀ ਜੀਵ ਇਸਤ੍ਰੀਆਂ,
ਸੁੱਖਾਂ ਵਿੱਚ ਸਦਾ ਨੇ ਵਸੇਂਦੀਆਂ ।
'ਨੂਰ' ਜਿਨ੍ਹਾਂ ਉੱਤੇ ਕਰੇ ਮੇਹਰ ਪਰਮਾਤਮਾ,
ਉਹ ਸਦਾ ਹੀ ਆਨੰਦ ਨੇ ਕਰੇਂਦੀਆਂ ॥

ksnoor50@gmial.com

ਕਿਸ ਨੂੰ ਦਰਦ ਸੁਣਾਵਾਂ ਭਗਤ ਸਿੰਘ ...

ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ, ਕੈਲਗਰੀ (ਕੈਨੇਡਾ)

ਕਿਸ ਨੂੰ ਦਰਦ ਸੁਣਾਵਾਂ ਭਗਤ ਸਿੰਘ,
ਤੇਰੇ ਦੇਸ ਪੰਜਾਬ ਦਾ।
ਪੈਰਾਂ ਦੇ ਵਿੱਚ ਰੁਲ਼ ਗਿਆ ਤੇਰਾ,
ਸੁਪਨਾ ਫੁੱਲ ਗੁਲਾਬ ਦਾ।

ਜਿਹੜੀ ਹੀਰ ਵਿਆਵਣ ਦੇ ਲਈ,
ਤੂੰ ਜਿੰਦੜੀ ਸੀ ਵਾਰੀ।
ਅੱਜ ਉਹ ਉੱਜੜੀ ਪੁੱਜੜੀ ਫਿਰਦੀ,
ਹੈ ਨੌਬਤ ਦੀ ਮਾਰੀ।
ਸਤਲੁਜ ਦੇ ਵਿੱਚ ਰੁੜ੍ਹਦੀ ਫਿਰਦੀ,
ਪੁੱਛਦੀ ਹਾਲ ਚਨਾਬ ਦਾ।
ਕਿਸ...

ਕਿਰਤੀਆਂ ਦੇ ਘਰ ਨੱਚਣਾ ਸੀ,
ਜਿਸ ਪਾ ਪੰਜੇਬਾਂ ਪੈਰੀਂ।
ਉਸ ਨਾਰ ਨੂੰ ਧੂਹ ਕੇ ਲੈ ਗਿਆ,
ਹੈ ਕੋਈ ਸਿਖਰ ਦੁਪਹਿਰੀਂ।
ਆਪਣੀ ਜੰਮਣ ਭੋਂ ਤੋਂ ਵਿਛੜੀ,
ਕਰਦੀ ਫਿਕਰ ਦੁਆਬ ਦਾ।
ਕਿਸ...

ਬਾਬੇ ਦੀ ਬਾਣੀ ਦੇ ਸੱਚੇ,
ਬੋਲ ਸੁਣੇ ਨਾ ਕੋਈ।
'ਸਰਮੁ ਧਰਮੁ ਦੋਇ ਛਪਿ ਖਲੋਏ',
ਲਾਹ ਸੁੱਟੀ ਹੈ ਲੋਈ।
ਆ ਕੇ ਹਾਲ ਤੂੰ ਵੇਖ ਤਾਂ ਕਿਧਰੇ,
ਰੁਲ਼ਦੀ ਹੋਈ ਰਬਾਬ ਦਾ।
ਕਿਸ...

ਤੇਰੇ ਦੇਸ ਦੇ ਗੱਭਰੂਆਂ ਦੀ,
ਨਸ਼ਿਆਂ ਨੇ ਹੈ ਮੱਤ ਮਾਰੀ।
ਚਿੱਟੇ ਚੂਸ ਲਿਆ ਰੱਤ ਸਾਰਾ,
ਲੱਗ ਗਈ ਨਵੀਂ ਬੀਮਾਰੀ।
ਹਰ ਪਿੰਡ ਦੇ ਵਿੱਚ ਪਹੁੰਚ ਗਿਆ,
ਹੁਣ ਖੁਲ੍ਹਾ ਨਸ਼ਾ ਸ਼ਰਾਬ ਦਾ।
ਕਿਸ...

ਤੇਰੇ ਨਾਂ ਤੇ ਹੋਣ ਸਮਾਗਮ,
ਕਰਦੇ ਨੇ ਤਕਰੀਰਾਂ,
ਹਾਰ ਗਲੇ ਵਿੱਚ ਪਾਵਣ ਦੇ ਲਈ,
ਆਉਂਦੇ ਘੱਤ ਵਹੀਰਾਂ।
'ਦੀਸ਼' ਕੋਈ ਮੁੜ ਖੋਲ੍ਹੇ ਵਰਕਾ,
ਮੋੜਿਆ ਹੋਇਆ ਕਿਤਾਬ ਦਾ।
ਕਿਸ...

ਸ਼ਹਾਦਤਾਂ ਦੇ ਗੁੱਝੇ ਭੇਦ – 5

ਸਰਦਾਰਨੀ ਗੁਰਨਾਮ ਕੌਰ, ਕੈਲਗਰੀ (ਕੈਨੇਡਾ)

20. ਸਾਡੀ ਜ਼ਿੰਦਗੀ ਦਾ ਇੱਕ ਧੁੰਦਲਾ ਪਾਸਾ ਵੀ ਨਿੱਖਰ ਕੇ ਸਾਹਮਣੇ ਆ ਜਾਂਦਾ ਹੈ। ਜਿਨ੍ਹਾਂ ਨੂੰ ਅਸੀਂ ਬਹੁਤ ਨੇੜੇ ਸਮਝਦੇ ਹਾਂ ਅਤੇ ਉਨ੍ਹਾਂ ਦੇ ਸਾਥ ਦਾ ਮਾਣ ਮਹਿਸੂਸ ਕਰਦੇ ਹਾਂ ,ਲੋੜ ਪੈਣ ਤੇ ਉਹ ਧੋਖਾ ਦੇ ਜਾਂਦੇ ਹਨ। ਜਿਵੇਂ ਮਸੰਦ ਪੰਜਾਬਾ,ਗੁਲਾਬਾ ਅਤੇ ਕੋਟਕਪੂਰੇ ਦਾ ਨਵਾਬ ਕਪੂਰਾ । ਭਾਵੇਂ ਇਹ ਗੁਰੂ ਸਾਹਿਬ ਨੂੰ ਪਿਆਰ ਤਾਂ ਕਰਦੇ ਹਨ ਪਰ ਸਰਕਾਰੀ ਜ਼ੁਲਮ ਤੋਂ ਭੈਣ ਭੀਤ ਹੋ ਕੇ ਗੁਰੂ ਸਾਹਿਬ ਨੂੰ ਘਰੋਂ ਬਾਹਰ ਕੱਢ ਦਿੰਦੇ ਹਨ।

ਜਦੋਂ ਗੁਰੂ ਸਾਹਿਬ ਚਮਕੌਰ ਸਾਹਿਬ ਦੀ ਗੜ੍ਹੀ ਛੱਡ ਕੇ ਮਾਛੀਵਾੜੇ ਵੱਲ ਜਾ ਰਹੇ ਸਨ, ਤਾਂ ਰਸਤੇ ਵਿੱਚ ਪਿੰਡ ਬਹਿਲੋਲਪੁਰ ਪੁਰ ਆਉਂਦਾ ਹੈ। ਉਥੋਂ ਦੇ ਮਸੰਦ ਪੂਰਨ ,ਜੋ ਅਕਸਰ ਹੀ ਅਨੰਦ ਪੁਰ ਸਾਹਿਬ ਆਉਂਦਾ ਜਾਂਦਾ ਰਹਿੰਦਾ ਸੀ। ਗੁਰੂ ਸਾਹਿਬ ਅੰਮ੍ਰਿਤ ਵੇਲੇ ਹੀ ਉਸ ਦੇ ਘਰ ਗਏ। ਜਦੋਂ ਉਸ ਦੇ ਨੌਕਰ ਜਿਊਣੇ ਨੇ ਖੁਸ਼ ਹੋ ਕੇ ਦੱਸਿਆ ਕਿ ਅਨੰਦ ਪੁਰ ਸਾਹਿਬ ਵਾਲੇ ਗੁਰੂ ਆਏ ਹਨ ਤਾਂ ਮਸੰਦ ਪੂਰਨ ਅੱਗੋਂ ਬੋਲਿਆ ਕਿ ਆਪ ਤਾਂ ਘਰੋਂ ਬੇਘਰ ਹੋਏ ਫਿਰਦੇ ਹਨ ਸਾਨੂੰ ਵੀ ਮੁਸੀਬਤ ਵਿੱਚ ਪਾਉਣਗੇ। ਗੁਰੂ ਸਾਹਿਬ ਨੂੰ ਘਰੇ ਨਹੀਂ ਵੜਨ ਦਿੱਤਾ। ਇਹ ਸੁਣ ਕੇ ਨੌਕਰ ਜਿਊਣੇ ਨੇ ਆਪਣੇ ਮਾਲਕ ਨੂੰ ਲਾਹਨਤਾਂ ਪਾਈਆਂ। ਉਸ ਨੇ ਟਿੰਡ ਵਿੱਚ ਅੱਗ ਪਾਕੇ ਗੁਰੂ ਸਾਹਿਬ ਦੇ ਮਗਰ ਭੱਜਿਆ। ਮਾਛੀਵਾੜੇ ਉਸੇ ਟਿੰਡ ਦਾ ਸਰਹਾਣਾ ਲਾ ਕੇ ਸੁੱਤੇ ਸਨ।

21. ਇਸੇ ਤਰ੍ਹਾਂ ਗੰਗੂ ਬ੍ਰਾਹਮਣ ਦੇ ਵਾਰਸ ਵੀ ਮੌਜੂਦ ਹਨ। ਮਜਬੂਰ ਬੰਦਿਆਂ ਤੋਂ ਮਾਇਆ ਹਥਿਆਉਣ ਜਾਂ ਸਰਕਾਰੇ ਦਰਬਾਰੇ ਇਨਾਮ ਲੈਣ, ਮੁਰੱਬੇ ਲੈਣ ਜਾਂ ਫੀਤੀਆਂ ਲਵਾਉਣ ਭਾਵ ਤਰੱਕੀਆਂ ਦੀ ਲਾਲਸਾ ਕਾਰਨ ਕੋਈ ਵੀ ਹੋ ਸਕਦਾ ਹੈ। ਇਸੇ ਲਾਲਚ ਵਿੱਚ ਗੰਗੂ ਉਹ ਸਿਰੇ ਦਾ ਪਾਪ ਕਮਾ ਗਿਆ ਜਿਸ ਨੂੰ ਸੁਣ ਕੇ ਹੀ ਕਰ ਇਕ ਦੀ ਰੂਹ ਕੰਬ ਉੱਠਦੀ ਹੈ। ਇਤਿਹਾਸ ਵਿੱਚ ਇਹਨਾਂ ਨੂੰ ਗਦਾਰ, ਸੂਹੀਏ, ਝੋਲੀ ਚੁੱਕ, ਕੌਲੀ ਚੱਟ ਜਾਂ ਭਲਓਚਕ ਸਹਏਪ ਵੀ ਕਿਹਾ ਜਾਂਦਾ ਹੈ। ਬਾਬਾ ਬੰਦਾ ਸਿੰਘ ਬਹਾਦਰ ਜੀ ਦੇ ਸਮੇਂ ਬਾਬਾ ਬਿਨੋਦ ਵੀ ਮੁਗ਼ਲਾਂ ਨਾਲ ਰਲ ਗਿਆ ਸੀ। ਮਹਾਰਾਜਾ ਰਣਜੀਤ ਸਿੰਘ ਦਾ ਰਾਜ ਹੀ ਡੋਗਰਿਆਂ ਦੀ ਗ਼ਦਾਰੀ ਕਾਰਨ ਗਿਆ।

1984 ਵੇਲੇ ਤਾਂ ਇਨ੍ਹਾਂ ਦੀ ਗਿਣਤੀ ਬਹੁਤ ਹੀ ਵਧ ਗਈ ਸੀ। ਮਾਇਆ ਇਕੱਠੀ ਕਰ ਕੇ ਰਾਤੋ ਰਾਤ ਅਮੀਰ ਬਣਨ ਦੀ ਲਾਲਸਾ, ਤਰੱਕੀਆਂ ਦੀ ਹੋੜ ਜਾਂ ਫੀਤੀਆਂ ਲੁਆਉਣ ਦੀ ਲਾਲਸਾ ਨੇ ਮਾਵਾਂ ਦੀਆਂ ਝੋਲੀਆਂ ਸੁੰਨੀਆਂ ਕਰ ਦਿੱਤੀਆਂ। ਸੁਹਾਗਣਾਂ ਦੇ ਸਿਰਾਂ ਦੀਆਂ ਚਿੱਟੀਆਂ ਚੁੰਨੀਆਂ, ਗਲੀਆਂ ਵਿੱਚ ਰੁਲਦੇ ਬਾਲ, ਇਸ ਉਜਾੜੇ ਦੀ ਦਾਸਤਾਨ ਸੁਣਾਉਂਦੇ ਹਨ।

22. ਸ਼ਹੀਦ ਤਾਂ ਰਕਤ ਬੀਜ ਵਰਗਾ ਹੁੰਦਾ ਹੈ। ਜਿਥੇ ਉਸ ਦੀ ਰੱਤ ਡੁੱਲ੍ਹੀ ਉਥੋਂ ਅਨੇਕਾਂ ਹੀ ਹੋਰ ਸੂਰਮੇ ਉਠ ਖਲੋਤੇ।

'ਮੰਨੂੰ ਸਾਡੀ ਦਾਤਰੀ ਅਸੀਂ ਮੰਨੂੰ ਦੇ ਸੋਏ,
ਜਿਉਂ ਜਿਉਂ ਮੰਨੂੰ ਵੱਡਦਾ ਅਸੀਂ ਦੂਣ ਸਵਾਏ ਹੋਏ।'

ਗੁਰੂ ਦੀ ਇਲਾਹੀ ਨਦਰ ਜਾਂ ਉਸ ਦੀਆਂ ਬਖਸ਼ਿਸ਼ਾਂ ਦਾ ਕੋਈ ਭੇਤ ਨਹੀਂ ਪਾ ਸਕਦਾ। ਮੁਗਲੀਆ ਜਰਨੈਲ ਸੈਦ ਖ਼ਾਨ ਬੀਬੀ ਨਸੀਰਾਂ ਦਾ ਭਰਾ ਅਤੇ ਪੀਰ ਬੁੱਧੂਸ਼ਾਹ ਦਾ ਸਾਲਾ ਸੀ। ਉਹ ਔਰੰਗਜ਼ੇਬ ਦੇ ਦਰਬਾਰ ਚੋਂ ਬੀੜਾ ਚੁੱਕ ਕੇ ਤੁਰਿਆ ਸੀ ਗੁਰੂ ਜੀ ਨੂੰ ਮਾਰਨ ਲਈ। ਗੁਰੂ ਦੀ ਨਦਰ ਜਦੋਂ ਉਸ ਤੇ ਪਈ ਤਾਂ ਉਹ ਫ਼ਕੀਰ ਬਣ ਗਿਆ। ਮੈਦਾਨਿ-ਜੰਗ ਵਿੱਚ ਜਦੋਂ ਉਸ ਦੀ ਨਜ਼ਰ ਗੁਰੂ ਜੀ ਵੱਲ ਗਈ, ਉਹ ਪੁਕਾਰ ਉਠਿਆ ਮੈਨੂੰ ਖ਼ੁਦਾ ਦੇ ਦਰਸ਼ਨ ਹੋ ਗਏ ਹਨ। ਉਸਨੇ ਆਪਣੀ ਤਲਵਾਰ ਮਿਆਨ ਵਿਚ ਪਾਕੇ ਗੁਰੂ ਦੇ ਚਰਨਾਂ ਵਿੱਚ ਰੱਖ ਦਿੱਤੀ ਅਤੇ ਆਪ ਜੰਗਲਾਂ ਵੱਲ ਚਲਾ ਗਿਆ। ਗੁਰੂ ਦੀ ਨਦਰ ਦੀ ਬਖਸ਼ਿਸ਼ ਜਦੋਂ ਇੱਕ ਵੈਰਾਗੀ ਸਾਧੂ (ਮਾਧੋ ਦਾਸ)ਤੇ ਪਈ, ਉਹ ਫੌਜਾਂ ਦਾ ਜਰਨੈਲ ਬਣ ਗਿਆ।

ਗੁਰੂ ਦਾ ਥਾਪੜਾ ਇਕ ਸਾਧੂ ਨੂੰ ਬੰਦਾ ਸਿੰਘ ਬਹਾਦੁਰ ਅਤੇ ਫਿਰ ਬਾਦਸ਼ਾਹ ਵੀ ਬਣਾ ਦਿੰਦਾ ਹੈ। ਗੁਰੂ ਦਾ ਬੰਦਾ ਬਣ ਉਸ ਨੇ ਬਹਾਦਰੀ ਦੇ ਉਹ ਜੌਹਰ ਦਿਖਾਏ ਜੋ ਦੁਨੀਆਂ ਦੇ ਇਤਿਹਾਸ ਵਿੱਚ ਇੱਕ ਮਿਸਾਲ ਬਣੇ। ਗੁਰੂ ਸਾਹਿਬ ਨੇ ਉਸ ਨੂੰ ਥਾਪੜਾ ਦੇ ਕੇ, ਸਿੰਘ ਸਜਾ ਕੇ, ਇੱਕ ਹੁਕਮਨਾਮਾ, ਇੱਕ ਨਿਸ਼ਾਨ ਸਾਹਿਬ, ਇੱਕ ਨਗਾਰਾ,ਪੰਜ ਤੀਰ ਅਤੇ ਪੰਜ ਸਲਾਹਕਾਰ ਦੇ ਕੇ 750 ਸਾਲ ਪੁਰਾਣੀ ਤੇ ਸ਼ਕਤੀਸ਼ਾਲੀ ਮੁਗਲ ਸਲਤਨਤ ਨਾਲ ਟੱਕਰ ਲੈਣ ਲਈ ਤੋਰਿਆ। ਇਹ ਅਸਲੋਂ ਹੀ ਲਾਮਿਸਾਲ ਗੱਲ ਸੀ।

23. ਮਾਧੋ ਦਾਸ ਬੈਰਾਗੀ ਦੀ ਚੋਂਣ ਵੀ ਰਹੱਸਮਈ ਸੀ, ਕਿਉਂਕਿ ਉਸ ਸਮੇਂ ਗੁਰੂ ਸਾਹਿਬ ਜੀ ਨਾਲ ਬਾਬਾ ਦੀਪ ਸਿੰਘ, ਭਾਈ ਮਨੀ ਸਿੰਘ ਅਤੇ ਭਾਈ ਬਾਜ਼ ਸਿੰਘ ਵਰਗੇ ਮਹਾਨ ਯੋਧੇ ਮੌਜੂਦ ਸਨ।ਕਿਸ ਤੋਂ ਕੀ ਸੇਵਾ ਲੈਣੀ ਹੈ ਇਹ ਗੁਰੂ ਹੀ ਜਾਣਦਾ ਹੈ।

ਸ਼ਹਾਦਤਾਂ ਦਾ ਇਹ ਸਫ਼ਰ ਗੁਰ ਇਤਿਹਾਸ ਦਾ ਸਫ਼ਰ ਹੈ। ਸਮਾਂ ਅਕਾਲ ਹੋ ਗਿਆ, ਰਹਿੰਦੀ ਦੁਨੀਆਂ ਤੱਕ ਇਸ ਦੀਆਂ ਗੱਲਾਂ ਹੋਣਗੀਆਂ। ਘਟਨਾਵਾਂ ਲਹੂ ਭਿੱਜੇ ਇਤਿਹਾਸ ਦੇ ਪੰਨਿਆਂ ਨੂੰ ਫਰੋਲਦਿਆਂ ਆਉਣ ਵਾਲੀਆਂ ਪੀੜ੍ਹੀਆਂ ਦੇ ਰਾਹ ਰੁਸ਼ਨਾਉਣਗੀਆਂ। ਕਿਉਂਕਿ ਇਨ੍ਹਾਂ ਦੇ ਮਰਕਜ਼ ਵਿੱਚ ਗੁਰੂ ਆਪ ਹੈ।

ਇਤਿਹਾਸ ਦੀ ਹਿੱਕ ਤੇ ਅਮਿੱਟ ਪੈੜਾਂ ਛੱਡਦਾ ਇਸ ਦਾ ਪਾਂਧੀ ਸਾਹਿਬ ਦੇ ਹਜ਼ੂਰ ਜਾ ਖਲੋਂਦਾ ਹੈ। ਹਜ਼ੂਰ ਸਾਹਿਬ (ਅਬਿਚਲ ਨਗਰ), ਸਾਹਿਬੇ ਕਮਾਲ ਦੇ ਆਖਰੀ ਚੋਜਾਂ ਦੀ ਯਾਦ ਵਿੱਚ ਸ਼ਾਮਲ ਹੈ। ਇਥੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਤਾ ਗੱਦੀ ਤੇ ਬਿਰਾਜਮਾਨ ਕਰਕੇ "ਸ਼ਬਦ ਗੁਰੂ" ਦਾ ਪ੍ਰਕਾਸ਼ ਹਮੇਸ਼ਾ ਹਮੇਸ਼ਾ ਲਈ ਕਰ ਦਿੱਤਾ।

ਗੁਰੂ ਚਰਨਾਂ ਤੇ ਸਿੱਖ ਅਸਥਾਨਾਂ ਨਾਲ ਸਸ਼ੋਭਿਤ
ਡਰੋਲੀ ਭਾਈ

ਡਾ. ਸਰਦਾਰ ਕਾਬਲ ਸਿੰਘ, ਐਡਮਿੰਟਨ (ਕੈਨੇਡਾ)



ਡਰੋਲੀ ਭਾਈ ਮੋਗਾ ਤੋਂ ਤਕਰੀਬਨ 14 ਕਿਲੋਮੀਟਰ ਪਛਮ ਵਲ, ਫਿਰੋਜਪੁਰ ਜਾਣ ਵਾਲੀ ਰੇਲ ਲਾਈਨ ਦੇ ਡਗਰੂ ਸਟੇਸ਼ਨ ਤੋਂ ਡੇਢ ਕੁ ਮੀਲ ਦੱਖਣ ਪੱਛਮ ਵਲ ਅਤੇ ਬਠਿੰਡਾ ਤੋਂ ਅਮ੍ਰਿਤਸਰ ਜਾਣ ਵਾਲੇ ਹਾਈਵੇ ਤੇ ਮੋਗਾ ਤੋਂ ਫਿਰੋਜਪੁਰ ਜਾਣ ਵਾਲੀ ਸੜਕ ਤੋਂ ਦੱਖਣ ਵਲ ਹੈ।

ਇਹ ਗੁਰੂ ਹਰਿਗੋਬਿੰਦ ਜੀ ਦੇ ਸਾਂਢੂ ਭਾਈ ਸਾਈ ਦਾਸ ਤੇ ਮਾਤਾ ਦਮੋਦਰੀ ਜੀ ਦੀ ਭੈਣ ਰਾਮੋ ਦਾ ਪਿੰਡ ਸੀ। ਇਸ ਨੂੰ ਗੁਰੂ ਹਰਿਗੋਬਿੰਦ ਜੀ, ਗੁਰੂ ਹਰਿ ਰਾਏ ਜੀ ਤੇ ਗੁਰੂ ਤੇਗ ਬਹਾਦਰ ਜੀ ਦੇ ਚਰਨਾ ਦੀ ਛੂਹ ਦਾ ਸੁਭਾਗ ਪ੍ਰਾਪਤ ਹੈ। ਇਥੇ ਸਾਈ ਦਾਸ ਤੇ ਬੀਬੀ ਰਾਮੋ ਦਾ ਘਰ ਤੇ ਚਾਰ ਗੁਰੂਦੁਵਾਰਾ ਸਾਹਿਬ ਸਥਿਤ ਹਨ।

ਗੁਰੂ ਹਰਿਗੋਬਿੰਦ ਜੀ

ਪਿਤਾ ਗੁਰੂ ਅਰਜਨ ਦੇਵ ਜੀ ਦੇ ਹੁਕਮ ਅਨੁਸਾਰ, ‘ਦੁਆਬੇ ਵਿਚ ਕਰਨਾ ਟਿਕਾਣਾਂ’, ਗੁਰੂ ਹਰਿਗੋਬਿੰਦ ਜੀ ਆਪਣੇ ਕਬੀਲੇ ਤੇ ਮਹਿਲ ਮਾਤਾ ਦਮੋਦਰੀ ਸਮੇਤ ਡਰੋਲੀ ਭਾਈ ਰਹਿਣ ਲਗ ਗਏ। ਗੁਰੂ ਜੀ ਗਵਾਲੀਅਰ ਤੋਂ ਰਿਹਾਈ ਤੋਂ ਬਾਅਦ ਗੁਰੂ ਹਰਿਗੋਬਿੰਦ ਜੀ ਡਰੋਲੀ ਭਾਈ ਪਹੁੰਚੇ। ਸਾਂਢੂ ਭਾਈ ਸਾਈ ਦਾਸ ਦੇ ਪ੍ਰਵਾਰ ਦੀ ਪ੍ਰੇਮ ਤੇ ਸ਼ਰਧਾ ਦੀ ਹੱਦ ਕਿ ਪ੍ਰਵਾਰ ਨੇ ਨਵੇਂ ਮਕਾਨ ਵਿਚ ਉਸ ਸਮੇ ਤਕ ਪ੍ਰਵੇਸ਼ ਨ ਕੀਤਾ ਜਦ ਤਕ ਗੁਰੂ ਜੀ ਨੇ ਚਰਨ ਨ ਪਾਏ।

ਮਾਤਾ ਦਮੋਦਰੀ ਜੀ ਨੂੰ ਡਰੋਲੀ ਛੱਡ ਕੇ ਗੁਰੂ ਜੀ ਅੰਮ੍ਰਿਤਸਰ ਵਲ ਰਵਾਨਾ ਹੋ ਗਏ। ਕਮਾਲ ਪੱਤੀ ਦੀਆਂ ਇਸਤ੍ਰੀਆਂ ਵਲੋਂ ਸੇਵਾ ਤੋਂ ਖੁਸ਼ ਹੋ ਕੇ ਗੁਰੂ ਜੀ ਨੇ ਵਰ ਦਿਤਾ ਕਿ ਇਸ ਪੱਤੀ ਵਿਚ ਉਹ ਰਾਜ ਕਰਨਗੀਆਂ। ਗੁਰੂ ਜੀ ਨੂੰ ਡਰੋਲੀ ਭਾਈ ਹੀ ਖਬਰ ਮਿਲੀ ਕਿ ਲੱਲਾ ਬੇਗ ਨੇ ਕਾਬਲ ਤੋਂ ਭੇਟ ਲਈ ਭੇਜੇ ਘੋੜੇ ਖੋਹ ਲਏ ਹਨ।

ਬਿਧੀ ਚੰਦ ਨੂੰ ਥਾਪੀ ਦੇ ਕੇ ਗੁਰੂ ਜੀ ਨੇ ਘੋੜੇ ਛੁਡਾਉਣ ਲਈ ਭੇਜਿਆ। ਇਥੇ ਗੁਰੂ ਜੀ ਦਾ ਲਗਵਾਇਆ ਖੂਹ ਹੈ। ਜਿਥੇ ਗੁਰੂ ਸਾਹਿਬ ਦੀਵਾਨ ਲਗਾ ਕੇ ਉਪਦੇਸ਼ ਦੇਂਦੇ ਸਨ, ਉਥੇ ਦਮਦਮਾ ਸਾਹਿਬ ਗੁਰੂਦੁਵਾਰਾ ਸਾਹਿਬ ਸਥਿਤ ਹੈ। ਮਹਾਨ ਕੋਸ਼ ਅਨੁਸਾਰ, ਇਸ ਗੁਰੂਦਵਾਰੇ ਨੂੰ 180 ਘੁਮਾਂ ਜਮੀਂਨ ਮਹਾਰਾਜਾ ਰਣਜੀਤ ਸਿੰਘ ਨੇਂ ਦਿਤੀ ਸੀ, 51 ਰੁਪਏ ਸਾਲਾਨਾ ਰਿਆਸਤ ਨਾਭਾ ਤੋਂ ਮਿਲਦੇ ਸਨ, 200 ਰੁਪਏ ਸਾਲਾਨਾ ਪਿੰਡ ਅੰਗੀਆਂ (ਜਿਲਾ ਅੰਬਾਲਾ) ਵਿਚੋਂ ਜਗੀਰ ਸੀ। ਵੈਸਾਖੀ ਤੇ ਮਾਘੀ ਨੂੰ ਮੇਲਾ ਲਗਦਾ ਹੈ।

ਬਾਬਾ ਗੁਰਦਿਤਾ ਜੀ:

ਆਪ ਜੀ ਦਾ ਜਨਮ ਡਰੋਲੀ ਭਾਈ ਵਿਖੇ ਸੰਨ 1613 ਨੂੰ ਹੋਇਆ। ਬਾਲਕ ਦੇ ਜਨਮ ਦੀ ਖਬਰ ਸੁਣ ਕੇ ਗੁਰੂ ਹਰਿਗੋਬਿੰਦ ਜੀ ਤੇ ਹੋਰ ਪਤਵੰਤੇ ਸਿੱਖ ਡਰੋਲੀ ਭਾਈ ਪਹੁੰਚੇ। ਬਾਬਾ ਬੁੱਢਾ ਦੇ ਬਚਨ, 'ਸਮ ਰੂਪ ਅਪਾਰਾ' ਕਹਿਣ ਕਰਕੇ ਸਾਰੇ ਬਾਲਕ ਨੂੰ 'ਬਾਬਾ ਜੀ' ਕਹਿਣ ਲੱਗ ਪਏ। ਕੁਝ ਦਿਨ ਇਥੇ ਰੁਕਣ ਪਿਛੋਂ ਗੁਰੂ ਜੀ ਮਾਤਾ ਦਮੋਦਰੀ ਤੇ ਬਾਲਕ ਨੂੰ ਅੰਮ੍ਰਿਤਸਰ ਲੈ ਆਏ। ਬਾਬਾ ਗੁਰਦਿਤਾ ਜੀ ਦੇ ਜਨਮ ਅਸਥਾਨ ਤੇ ਇਕ ਗੁਰੂਦੁਵਾਰਾ ਸਾਹਿਬ ਸਥਿਤ ਹੈ।

ਮਾਤਾ ਦਮੋਦਰੀ ਜੀ:

ਗੁਰੂ ਹਰਗੋਬਿੰਦ ਜੀ ਅਪ੍ਰੈਲ 1630 ਕੀਰਤਪੁਰ ਤੋਂ ਡਰੋਲੀ ਭਾਈ ਆਏ। ਇਥੇ ਪੁੱਜ ਕੇ ਛੇਤੀ ਬਾਅਦ ਮਾਤਾ ਦਮੋਦਰੀ ਜੀ ਨੇ ਆਪਣਾ ਅੰਤਮ ਸਮਾ ਨੇੜੇ ਦਸਿਆ। ਗੁਰੂ ਪਤੀ ਦੀ ਅਸੀਸ ਲੈ ਕੇ ਅਕਾਲ ਚਲਾਣਾ ਕਰ ਗਏ। ਬਾਬਾ ਗੁਰਦਿਤਾ ਜੀ, ਬਾਬਾ ਸੂਰਜ ਮੱਲ ਜੀ, ਭਾਈ ਜੇਠਾ ਜੀ ਤੇ ਭਾਈ ਬਿਧੀ ਚੰਦ ਜੀ ਨੇ ਅਰਥੀ ਮੋਢਿਆਂ 'ਤੇ ਚੁਕ ਕੇ ਚਿਖਾ ਤੇ ਧਰੀ। ਗੁਰੂ ਜੀ ਨੇ ਸਭ ਨੂੰ ਧੀਰਜ ਦਿਤਾ ਤੇ ਸਾਰੀ ਰਾਤ ਕੀਰਤਨ ਪ੍ਰਵਾਹ ਹੋਇਆ।

ਮਾਤਾ ਦਮੋਦਰੀ ਜੀ ਦੀ ਭੈਣ ਰਾਮੋ ਅਗਲੇ ਦਿਨ ਅਕਾਲ ਚਲਾਣਾਂ ਕਰ ਗਏ। ਕੁਝ ਘੰਟਿਆਂ ਬਾਅਦ ਭਾਈ ਸਾਈ ਦਾਸ ਜੀ ਵੀ ਚੜ੍ਹਾਈ ਕਰ ਗਏ। ਉਸ ਤੋਂ ਅਗਲੇ ਦਿਨ ਜਦ ਪੁਸ਼ਪ ਚੁਣਦੇ ਪਏ ਸਨ ਤਾਂ ਮਾਤਾ ਦਮੋਦਰੀ ਤੇ ਰਾਮੋ ਦੇ ਮਾਪੇ (ਭਾਈ ਨਰਾਇਣ ਦਾਸ ਤੇ ਮਾਤਾ ਦਯਾ ਕੌਰ) ਵੀ ਚੜ੍ਹਾਈ ਕਰ ਗਏ। ਗੁਰੂ ਜੀ ਨੇ ਸਭ ਨੂੰ ਹੌਂਸਲਾ ਦਿਤਾ ਤੇ ਗੁਰੂ ਗ੍ਰੰਥ ਸਾਹਿਬ ਦਾ ਪਾਠ ਅਰੰਭ ਕਰਵਾ ਕੇ ਸਾਡੇ ਲਈ ਹੇਠ ਲਿਖੇ ਪੂਰਨੇ ਪਾ ਗਏ:

'ਅਵਰ ਸਿੱਖ ਹਮਰੀ ਸੁਨ ਲੀਜੇ, ਕੋਈ ਮ੍ਰਿਤਕ ਕੁਲ ਰੁਦਨ ਨ ਕੀਜੇ। ਸਤਿਗੁਰ ਭਾਵੈ ਅਨੰਦ ਧਾਰੋ, ਸਤਿਨਾਮ ਮੁੱਖ ਮੰਤ੍ਰ ਉਚਾਰੋ। ਭੋਗ ਸ੍ਰੀ ਗੁਰੂ ਗ੍ਰੰਥ ਕਾ, ਪਾਵੇ ਡੇਰ ਨਾ ਲਾਇ। ਮਿਲਬੋ ਤ ਹਰਖਹਿ ਨ ਗਿਆਨੀ, ਬਿਛੜੇ ਸ਼ੋਕ ਨੂੰ ਦੁਖ ਕੋ ਜਾਣ'।

ਮਾਤਾ ਦਮੋਦਰੀ ਜੀ ਦੇ ਪੁਸ਼ਪ ਪਵਿਤਰ ਸਮਝੇ ਜਾਂਦੇ ਅਸਥਾਂਨ ਤੇ ਨ ਲਿਜਾ ਕੇ ਗੁਰੂ ਜੀ ਨੇ ਇਸ ਜਗਾ ਨੂੰ ਕਾਂਸ਼ੀ ਦੇ ਬਰਾਬਰ ਬਣਾਂ ਦਿਤਾ। ਇਥੇ ਅੰਗੀਠਾ ਸਾਹਿਬ ਗੁਰੂਦੁਵਾਰਾ ਸਥਿਤ ਹੈ।

ਨੰਦ ਚੰਦ: ਇਸ ਇਲਾਕੇ ਦਾ ਮਸੰਦ ਸੀ। ਗੁਰੂ ਗੋਬਿੰਦ ਸਿੱਘ ਜੀ ਨੇ ਇਸਨੂੰ ਆਪਣਾਂ ਦੀਵਾਨ ਤੇ ਸੈਨਾਨੀ ਥਾਪਿਆ। ਭੰਗਾਣੀ ਦੇ ਯੁਧ ਵਿਚ ਇਸਦੀ ਵੀਰਤਾ ਦਾ ਵਰਨਣ ਬਚਿਤ੍ਰ ਨਾਟਕ ਵਿਚ ਹੈ, "ਤਹਾਂ ਨੰਦ ਚੰਦ ਕਿਓ ਕੋਪ ਭਾਰੋ। ਲਗਾਈ ਬੱਰਛੀ ਕ੍ਰਿਪਾਣੰ ਸੈਭਾਰੋ। ਤੂਟੀ ਤੇਗ ਤ੍ਰਿੱਖੀ ਕਢੈ ਜੰਮਦੱਵੰ। ਹਠੀ ਰਾਖਿਯੰ ਲੱਜ ਬੰਸੰ ਸਨੱਚੰ।" ਉਦਾਸੀ ਇਸ ਕੋਲ ਗੁਰੂ ਸਾਹਿਬ ਦੇ ਦਸਤਖਾਂ ਲਈ ਗੁਰੂ ਗ੍ਰੰਥ ਸਾਹਿਬ ਲੈ ਕੇ ਆਏ ਤਾਂ ਵਾਪਸ ਨ ਕੀਤਾ, ਜੋ ਹੁਣ ਡਰੋਲੀ ਭਾਈ ਹੈ।

ਛੇਵੇਂ ਤੇ ਸਤਵੇਂ ਗੁਰੂ ਜੀ ਦਾ ਸੰਗਤਾਂ ਨੂੰ ਉਪਦੇਸ਼ ਅਸਥਾਨ - ਦਮਦਮਾ ਸਾਹਿਬ, ਡਰੋਲੀ ਭਾਈ

ਗੁਰਦਵਾਰਾ - ਯਾਦਗਾਰ ਬਾਬਾ ਗੁਰਦਿੱਤਾ ਜੀ ਦਾ ਜਨਮ ਅਸਥਾਨ, ਡਰੋਲੀ ਭਾਈ

ਗੁਰਦੁਆਰਾ ਅੰਗੀਠਾ ਸਾਹਿਬ - ਯਾਦਗਾਰ ਮਾਤਾ ਦਮੋਦਰੀ ਜੀ ਡਰੋਲੀ ਭਾਈ

- **GURBANI IS THE only LIGHT**

That Shows the True Path
In the Darkness of Ignorance

ਧੁਰ ਕੀ ਬਾਣੀ ਆਈ ਤਿਨਿ ਸਗਲੀ ਚਿੰਤ ਮਿਟਾਈ ।।

ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ।।
ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ
ਪਰਤਖਿ ਗੁਰੂ ਨਿਸਤਾਰੇ।।

ਗੁਰਬਾਣੀ ਗਾਵਹਿ ਭਾਈ ਓਹ ਸਫਲ ਸਦਾ ਸੁਖਦਾਈ।।
ਭਨਿ ਮਥੁਰਾ ਕਛੁ ਭੇਦੁ ਨਹੀ ਗੁਰੁ ਅਰਜੁਨੁ ਪਰਤਖੵ ਹਰਿ ।।
ਧੰਨ ਧੰਨ ਸ੍ਰੀ ਗੁਰੂ ਅਰਜਨ ਸਾਹਿਬ ਜੀ ਮਹਾਰਾਜ ਜੀ ਨੇ ਅੱਜ ਦੇ ਦਿਨ ਧੰਨ ਧੰਨ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਬਾਬਾ ਬੁੱਢਾ ਜੀ ਦੇ ਸੀਸ ਤੇ ਸਜਾਕੇ ਆਪ ਚੌਰ ਸਾਹਿਬ ਜੀ ਕਰਦੇ ਹੋਏ ਗੁਰਤਾ ਗੱਦੀ ਤੇ ਬਿਰਾਜਮਾਨ ਕਰ ਕੇ ਆਪ ਜੀ ਨੇ ਹੁਕਮ ਨਾਮਾ ਲੈਕੇ ਸੰਗਤ ਨੂੰ ਸੁਣਾਇਆ ਤੇ ਆਪਣਾ ਆਸਣ ਜ਼ਮੀਨ ਤੇ ਚਾਦਰ ਵਿਛਾ ਕੇ ਕਰ ਲਿਆ
ਸਾਨੂੰ ਸਾਰਿਆਂ ਨੂੰ ਗੁਰਬਾਣੀ ਦਾ ਸਤਿਕਾਰ ਕਰਨਾ ਸਿਖਾਇਆ ਤੇ ਗੁਰਬਾਣੀ ਦੀ ਸਿੱਖਿਆ ਤੇ ਆਪ ਅਮਲ ਕਰਕੇ ਸਾਨੂੰ ਗੁਰਮਤਿ ਅਨੁਸਾਰ ਜੀਵਨ ਜਿਊਣ ਦੀ ਜਾਚ ਸਿਖਾਈ

SikhNet PLAY Sharing the Love of Gurbani

- [Baru Sahib Kids (kalgidhar Trust)]

Anahad Bani Jatha of Baru Sahib is carrying forward the tradition of Kirtan through ancient strings. This initiative is to conserve the ancient traditions of Raag-Kirtan with Tanti Saaj. Anahad Bani Jatha, Baru Sahib has initiated this effort of making a series of Gurbani Shabads to revive the ancient Tanti Saaj with the blessings and efforts of Shiromani Panth Rattan Sant Baba Iqbal Singh ji

ਸੱਚ ਦਾ ਫ਼ੁੱਲ

ਪ੍ਰੋਫੈਸਰ ਸਰਦਾਰ ਮਨਿੰਦਰ ਸਿੰਘ, ਐਡਮਿੰਟਨ (ਕੈਨੇਡਾ)

ਧਰਮਾਂ ਦੇ ਬਾਗਾਂ ਵਿਚ ਖਿੜਿਆ, ਸੱਚ ਦਾ ਫ਼ੁੱਲ ਮੁਬਾਰਕ ਹੋਵੇ ।
ਇਹ ਫ਼ੁੱਲ ਜਿਸਦੀ ਮਹਿਕ ਨੇ ਸਾਰੇ, ਜਗ ਤਾਈਂ ਮਹਿਕਾਇਆ ।
ਇਹ ਫ਼ੁੱਲ ਜਿਹੜਾ ਧਰਤ ਦੇ ਵੇਹੜੇ, ਗੁਲਸ਼ਨ ਬਣ ਲਹਿਰਾਇਆ ।
ਇਸ ਗੁਲਸ਼ਨ ਵਿਚ ਮਾਨਵਤਾ ਦਾ, ਬਿਰਛ ਪਿਆ ਇਕ ਸੋਹਵੇ ।

ਏਸ ਬਿਰਛ ਦੇ ਪੰਛੀ ਸਾਰੇ, ਪ੍ਰੇਮ ਦੀ ਬੋਲੀ ਬੋਲਣ ।
ਇਕੋ ਦੀਆਂ ਬੇਅੰਤ ਰਹਿਮਤਾਂ ਦੇ, ਕਈ ਰਾਜ਼ ਪਏ ਖ੍ਹੋਲਣ ।
ਸੱਭੇ ਸਾਂਝੀਵਾਲ ਸਦਾਵਣ, ਕੋਈ ਨਾ ਬਾਹਰਾ ਹੋਵੇ ।

ਇਸ ਫ਼ੁੱਲ ਦੀ ਰੰਗਤ ਦਿਲ ਵਰਗੀ, ਦਿਲ ਜੋ ਅਸਲੋਂ ਨੰਗਾ ।
ਜਿਸਦੇ ਹਰ ਇਕ ਖ਼ੂਨ ਦੇ ਕਤਰੇ, ਵਿਚ ਕਈ ਜਮਨਾ ਗੰਗਾ ।
ਨਾਲੇ ਅਰਸ਼ਾਂ ਦੀ ਜ਼ਮਜ਼ਮ ਵੀ, ਚਰਨ ਏਸਦੇ ਧੋਵੇ ।

ਇਸ ਫ਼ੁੱਲ ਦੀਆਂ ਪੱਤੀਆਂ ਦਾ ਕੇਸਰ, ਨਿਰੇ ਨੂਰ ਦਾ ਜਣਿਆ ।
ਇਸ ਕੇਸਰ ਦਾ ਹਰ ਇਕ ਜ਼ੱਰਾ, ਏਕਾ ਮਾਈ ਜਣਿਆ ।
ਇਹ ਮਾਂ ਰੋਜ਼ ਹੀ ਅੰਮ੍ਰਿਤ ਵੇਲੇ, ਚਾਨਣ ਦਾ ਦੁੱਧ ਚੋਵੇ ।

ਇਹ ਦੁੱਧ ਨਿਤ ਹੀ ਅੰਮ੍ਰਿਤ ਬਣਕੇ, ਸੁਗਮ ਸੁਰਾਂ ਵਿਚ ਝਰਦਾ ।
ਇਸ ਅੰਮ੍ਰਿਤਸਰ ਵਿਚ ਕੰਵਲ ਦਾ, ਫ਼ੁੱਲ ਪਿਆ ਇਕ ਤਰਦਾ ।
ਇਸ ਫ਼ੁੱਲ ਦੀਆਂ ਪੱਤੀਆਂ ਤੇ ਗ਼ਮ ਦੀ, ਤ੍ਰੇਲ ਨਾ ਕਦੀ ਖਲੋਵੇ ।

ਭਰ ਸਰਵਰ ਜਦ ਕਦੀ ਵੀ ਉਛਲੇ, ਹੋਵੇ ਤਰਣ ਦੁਹੇਲਾ ।
ਇਹ ਫ਼ੁੱਲ ਘੁੱਮਣਘੇਰਾਂ ਵਿਚ ਵੀ, ਤਰਦਾ ਰਹੇ ਸੁਹੇਲਾ ।
ਠੰਡੀ ਗਰਮ ਹਵਾ ਵੀ ਇਸਨੂੰ, ਕਦੀ ਰਤਾ ਨਾ ਪੋਹਵੇ ।

ਇਸ ਫ਼ੁੱਲ ਦੇ ਕੰਡੇ ਜੋ ਨਿਸਦਿਨ, ਕਰਦੇ ਇਸਦੀ ਰਾਖੀ ।
ਇਕ ਵੇਰਾਂ ਉਹਨਾਂ ਰਬ ਤਾਈਂ, ਵੀ ਸੀ ਇਹ ਗਲ ਆਖੀ ।
ਏਤੀ ਮਾਰ ਪਈ ਕੁਰਲਾਣੇ , ਤੈਂਕੀ ਦਰਦ ਨਾ ਹੋਵੇ ?

ਇਹ ਕੰਡੇ ਜੋ ਲੋਕ-ਪੀੜ ਦੀ, ਰੋਜ਼ ਗਵਾਹੀ ਪਾਵਣ ।
ਦੁਖ ਦਾਰੂ, ਸੁੱਖ ਰੋਗ ਹੋ ਜਾਵੇ, ਚੋਭ ਜਦੋਂ ਕੋਈ ਲਾਵਣ ।
ਰੁੱਖੀ ਮਹਿਨਤ ਦੁੱਧ ਪਈ ਦੇਵੇ, ਲੁੱਟ ਪਈ ਰੱਤ ਚੋਵੇ ।

ਇਸ ਫ਼ੁੱਲ ਦੀ ਖੁਸ਼ਬੋਈ ਜੇ ਕੋਈ, ਤਨ ਮਨ ਵਿਚ ਸਮੋਵੇ ।
ਮੇਰਾ ਮੇਰਾ ਛੱਡ ਦੇਵੇ, ਸਭ ਤੇਰਾ ਤੇਰਾ ਹੋਵੇ ।
ਏਕ ਪਿਤਾ ਦੇ ਬਾਲਕ ਸਾਰੇ, ਏਕੇ ਵਿਚ ਪਰੋਵੇ ।

ਇਸ ਫ਼ੁੱਲ ਦੇ ਫ਼ਲ ਚਖਕੇ ਲਗਦਾ, ਦੁਨੀਆਂ ਬਾਗ ਸੁਹਾਵਾ ।
ਗ਼ਫ਼ਲਤ ਦੀ ਨੀਂਦਰ ਟੁੱਟੇ, ਸਭ ਛੁੱਟੇ ਕੂੜਾ ਦਾਹਵਾ ।
ਜੇ ਤੂੰ ਉਸਦਾ ਹੋ ਜਾਵੇ ਤਾਂ, ਸਭ ਜਗ ਤੇਰਾ ਹੋਵੇ ।

ਧਰਮਾਂ ਦੇ ਬਾਗਾਂ ਵਿਚ ਖਿੜਿਆ, ਸੱਚ ਦਾ ਫ਼ੁੱਲ ਮੁਬਾਰਕ ਹੋਵੇ ।

How *Dayāla* is my Guru !

Sardarni Navdeep Kaur Sandhu

I walk this world

His presence so near,
yet I remain so far.
These walls I call 'home' were
never built to bear my soul.
My true Home is where
my Guru dwells.

And so I wait quietly, still -
just outside the door.
Only when He wills, only
Then will I be called Home.

He gave His four diamonds to the fire,
Walked path of *Shaheedi* with Grace.
He turned down kingdoms and
Golden thrones to lift those who could
not lift themselves.

How *Dayāla* is my Guru
Who gave up diamonds for the dust.
How *Dayāla* is my Guru, who
shapes this dust with *Naam* and trust.

And when I sank beneath my fear
He did not stand upon the shore -
How *Dayāla* is my Guru...
who saw me drowning and
became the rope that led me to shore.

How *Dayāla* is my Guru ...
That even when I turn away,
He keeps His gaze on me.
He guards my honour when
I lose my own. He lifts me again

Again never asking why I fall
And still I wonder…
How one like me
was given such mercy -
From the hands that gave all.

The heart that asks nothing,
The Friend who never leaves.
How *Dayāla* is *mera* Waheguru,
To carry someone like me.

ਜੋਤੀ ਜੋਤਿ ਰਲੀ॥ ਭਾਗ -2

ਸਰਦਾਰ ਨਿਰਮਲ ਸਿੰਘ ਵੈਦ, ਵਿਕਟੋਰੀਆ (ਕੈਨੇਡਾ)

(ਲੜੀ ਜੋੜਨ ਲਈ ਭਾਗ - 1 ਪੜ੍ਹਨ ਦੀ ਕਿਰਪਾ ਕਰੋ ਜੀ)

ਛੰਤ ਦੇ ਦੂਸਰੇ ਹਿਸੇ ਵਿਚ ਪਹਿਲੀ ਤੁਕ ਹੈ :

"ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥"(ਸ੍ਰੀ ਗੁਰੂ ਗ੍ਰੰਥ ਸਾਹਿਬ ਅੰਕ 846)

ਭਾਵ : ਹੁਣ ਮੈਂ ਹਰ ਥਾਂ ਪ੍ਰਭੂ ਨੂੰ ਵੇਖਦਾ-ਸੁਣਦਾ ਹਾਂ। ਮੈਨੂੰ ਇਸ ਗਲ ਦਾ ਅਹਿਸਾਸ ਹੋ ਰਿਹਾ ਹੈ ਕਿ ਇਕੋ ਇਕ ਪ੍ਰਭੂ ਦੀ ਨਿਯਮਾਵਲੀ ਸਭ ਪਾਸੇ ਵਰਤ ਰਹੀ ਹੈ। ਜਿਵੇਂ ਕਿ,

"ਤੂੰ ਸਭਨੀ ਥਾਈ ਜਿਥੈ ਹਉ ਜਾਈ ਸਾਚਾ ਸਿਰਜਣਹਾਰੁ ਜੀਉ॥(ਅੰਕ 438)

ਦੂਸਰੇ ਹਿੱਸੇ ਵਿਚ ਅਗਲੀ ਤੁਕ ਹੈ :

"ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥"

ਅਰਥ: ਉਸੇ ਕਰਤੇ ਦਾ ਹੀ, ਮਨ ਵਿਚ ਅਤੇ ਸਭ ਇੰਦਿਆਂ ਚ ਪਸਾਰਾ ਹੈ। ਇਕੋ ਇਕ ਉਸ ਸੁਆਮੀ ਬਾਝੋਂ ਮੈਂ ਹੋਰ ਕਿਸੇ ਨੂੰ ਨਹੀਂ ਜਾਣਦਾ।

ਛੰਤ ਦੇ ਤੀਸਰੇ ਹਿਸੇ ਵਿਚ ਪਹਿਲੀ ਤੁਕ ਹੈ :

"ਆਪਿ ਕਰਤਾ ਆਪਿ ਭੁਗਤਾ ਆਪਿ ਕਾਰਣੁ ਕੀਆ॥"

ਅਰਥ: ਪ੍ਰਭੂ ਆਪ ਜੀਵਾਂ ਵਿਚ ਵਿਆਪਕ ਹੈ। ਆਪ ਹੀ ਸਾਰੇ ਰੰਗ ਮਾਣ ਰਿਹਾ ਹੈ, ਉਹ ਆਪ ਹੀ ਨਿਜਘਰਿ ਵਿਚ ਬੈਠਾ ਹਰ ਇਕ ਪ੍ਰਾਣੀ ਦੇ ਮਨ ਨੂੰ ਪ੍ਰੇਰਨਾ ਦੇ ਰਿਹਾ ਹੈ।

ਛੰਤ ਦੇ ਤੀਸਰੇ ਹਿਸੇ ਵਿਚ ਅਗਲੀ ਤੁਕ ਹੈ :

"ਬਿਨਵੰਤਿ ਨਾਨਕ ਸੇਈ ਜਾਣਹਿ ਜਿਨ੍ਹੀ ਹਰਿ ਰਸੁ ਪੀਆ॥4॥

ਅਰਥ: ਨਾਨਕ ਪਾਤਿਸ਼ਾਹ ਬੇਨਤੀ ਕਰਦੇ ਹਨ ਕਿ ਇਸ ਅਵਸਥਾ ਨੂੰ ਉਹੀ ਮਨੁੱਖ ਸਮਝਦੇ ਹਨ, ਮਾਂਣਦੇ ਹਨ, ਜਿਨ੍ਹਾਂ ਦੇ ਮਨ ਨੇ ਪ੍ਰਮੇਸ਼ਰ ਦੇ ਨਾਮ ਦਾ ਰਸੁ ਪੀਤਾ ਹੈ ।4।

ਗੁਰੂ ਸਾਹਿਬ ਜੀ ਨਾਮ ਰਸੁ ਪੀਣ ਨਾਲ ਜੀਵਨ ਵਿਚ ਕੀ ਪਰਵਰਤਨ ਹੋਵੇਗਾ?

"ਮ 1: ਜਿਨ੍ ਪੀਆ ਸੇ ਮਸਤ ਭਏ ਹੈ ਤੂਟੇ ਬੰਧਨ ਫਾਹੇ॥ ਜੋਤੀ ਜੋਤਿ ਸਮਾਣੀ ਭੀਤਰਿ ਤਾ ਛੋਡੇ ਮਾਇਆ ਕੇ ਲਾਹੇ॥2॥" (ਅੰਕ 351)

ਭਾਵ, ਮਾਇਆ ਦਾ ਪੱਲਾ ਛਡ ਕੇ ਜੀਵਨ ਵਿਚ ਸਹਿਜ-ਟਿਕਾਓ, ਰੱਬੀ ਗੁਣਵਾਨ, ਮਨੁਖੀ ਨੂਰ ਉਸ ਪਰਮ ਨੂਰ ਵਿਚ ਲੀਨ ਹੋ ਜਾਵੇ।

ਗੁਰੂ ਸਾਹਿਬ ਜੀ ਹਰਿ ਰਸੁ ਅਸਲ ਵਿਚ ਹੈ ਕੀ?

ਮ 4: ਸਤਿਗੁਰ ਵਚਨੁ ਰਤੰਨੁ ਹੈ ਜੋ ਮੰਨੇ ਸੁ ਹਰਿ ਰਸੁ ਖਾਇ॥(ਅੰਕ 41)

ਅਰਥ: ਸਤਿਗੁਰੂ ਦਾ ਬਚਨ ਇਕ ਕੀਮਤੀ ਰਤਨ ਹੈ, ਜੇਹੜਾ ਪ੍ਰਾਣੀ ਗੁਰੂ ਦੇ ਬਚਨਾਂ ਤੇ ਭਰੋਸਾ ਕਰਕੇ ਸਵੀਕਾਰ ਕਰਦਾ ਹੈ, ਉਸ ਅਨੁਸਾਰ ਜੀਵਨ ਜੀਉਂਦਾ ਹੈ ਉਹੋ ਪ੍ਰਮੇਸ਼ਰ ਦੇ ਨਾਮ ਦਾ ਰਸ ਚੱਖਦਾ ਹੈ, ਅਨੰਦ ਲੈਂਦਾ ਹੈ। ਪਰ ਜਿਹੜਾ ਪ੍ਰਾਣੀ ਸਿਰਫ ਪਾਠ ਕਰਨ ਤੱਕ ਹੀ ਸੀਮਤ ਹੈ ਉਸ ਬਾਰੇ ਗੁਰੂ ਸਾਹਿਬ ਆਖਦੇ ਹਨ:-

"ਮ 3: ਪਾਠੁ ਪੜੈ ਨਾ ਬੂਝਈ ਭੇਖੀ ਭਰਮਿ ਭੁਲਾਇ॥ ਗੁਰਮਤੀ ਹਰਿ ਸਦਾ ਪਾਇਆ ਰਸਨਾ ਹਰਿ ਰਸੁ ਸਮਾਇ॥" (ਅੰਕ 66)

ਅਰਥ: ਜੇਹੜਾ ਮਨੁੱਖ ਨਿਰਾ ਪਾਠ ਹੀ ਪੜ੍ਹਦਾ ਹੈ, ਪਰ ਉਸਦੇ ਭਾਵ ਅਰਥਾਂ ਨੂੰ ਨਹੀਂ ਸਮਝਦਾ, ਉਹ ਭਰਮ ਭੁਲੇਖਿਆਂ ਵਿਚ ਹੀ ਉਲਝਿਆ ਰਹਿੰਦਾ ਹੈ।

ਗੁਰੂ ਦੀ ਮਤਿ ਤੇ ਤੁਰ ਕੇ ਹੀ ਪ੍ਰਮੇਸ਼ਵਰ ਮਿਲਦਾ ਹੈ, ਮਨ ਪ੍ਰਮੇਸ਼ਵਰ ਦੇ ਰਸ (ਗਿਆਨ) ਵਿਚ ਸਮਾ ਕੇ ਮਨੁੱਖ ਮਿਠ ਬੋਲੜਾ ਹੋ ਜਾਂਦਾ ਹੈ।

"ਮ 4: ਹਰਿ ਗੁਰ ਗਿਆਨੁ ਹਰਿ ਰਸੁ ਹਰਿ ਪਾਇਆ॥ ਮਨੁ ਹਰਿ ਰੰਗਿ ਰਾਤਾ ਹਰਿ ਰਸੁ ਪੀਆਇਆ॥ ਹਰਿ ਹਰਿ ਨਾਮੁ ਮੁਖਿ ਹਰਿ ਹਰਿ ਬੋਲੀ ਮਨੁ ਹਰਿ ਰਸਿ ਟੁਲਿ ਟੁਲਿ ਪਉਦਾ ਜੀਉ॥1॥" (ਅੰਕ 95)

ਅਰਥ: ਮੈਂ ਗੁਰੂ ਪਾਸੋਂ ਪ੍ਰਮੇਸ਼ਰ ਦੀ ਜਾਣਕਾਰੀ ਅਤੇ ਉਸ ਦਾ ਗਿਆਨ ਰੂਪੀ ਅੰਮ੍ਰਿਤ ਪ੍ਰਾਪਤ ਕੀਤਾ ਹੈ। ਮੇਰਾ ਮਨ ਉਸ ਦੇ ਨਾਮ-ਰੰਗ ਵਿਚ ਰੰਗਿਆ ਗਿਆ ਹੈ, ਹੁਣ ਮੇਰੀ ਬੋਲ-ਚਾਲ ਸਦਾ ਪ੍ਰਮੇਸ਼ਵਰ ਦੇ ਨਾਮ ਵਾਲੀ ਮਿਠੀ ਪਿਆਰ ਵਾਲੀ ਹੋ ਗਈ ਹੈ। ਪ੍ਰਮੇਸ਼ਵਰ ਦਾ ਨਾਮ-ਰਸ ਮੇਰਾ ਮਨ ਉਛਲ ਉਛਲ (ਟੁਲਿ ਟੁਲਿ) ਨਿਰੰਤਰ ਪ੍ਰਾਪਤ ਕਰਦਾ ਹੈ।

'ਹਰਿ ਰਸੁ ਵਾਰੇ ਮ 5: ਝਿਮਿ ਝਿਮਿ ਵਰਸੈ ਅੰਮ੍ਰਿਤ ਧਾਰਾ॥ ਮਨੁ ਪੀਵੈ ਸੁਨਿ ਸਬਦੁ ਬੀਚਾਰਾ॥ ਅਨਦ ਬਿਨੋਦ ਕਰੇ ਦਿਨ ਰਾਤੀ ਸਦਾ ਸਦਾ ਹਰਿ ਕੇਲਾ ਜੀਉ ॥2॥"

ਅਰਥ: ਜਿਵੇਂ ਮਠੀ ਮਠੀ ਵਰਖਾ ਧਰਤੀ ਵਿਚ ਰਚਦੀ ਰਹਿੰਦੀ ਹੈ, ਤਿਵੇਂ ਹੀ ਮਨ ਗੁਰੂ ਦਾ ਸ਼ਬਦ ਸੁਣ ਕੇ ਉਸ ਅੰਮ੍ਰਿਤ ਨੂੰ ਪੀਂਦਾ ਜਾਂਦਾ ਹੈ ਅਤੇ ਅੰਦਰ ਟਿਕਾਈ ਕੇ ਮਨ ਦਿਨ-ਰਾਤ ਆਨੰਦ ਮਾਣਦਾ ਹੈ। ਚੌਥੀ ਪੰਗਤੀ ਹੈ :

"ਜਲ ਤਰੰਗੁ ਜਿਉ ਜਲਹਿ ਸਮਾਇਆ॥ ਤਿਉ ਜੋਤੀ ਸੰਗਿ ਜੋਤਿ ਮਿਲਾਇਆ॥ ਕਹੁ ਨਾਨਕ ਭ੍ਰਮ ਕਟੇ ਕਿਵਾੜਾ ਬਹੁੜਿ ਨ ਹੋਈਐ ਜਉਲਾ ਜੀਉ॥4॥" (ਅੰਕ 351)

ਅਰਥ: ਨਦੀ ਵਿਚੋਂ ਪਾਣੀ ਦੀਆਂ ਜੋ ਲਹਿਰਾਂ ਉਠਦੀਆਂ ਹਨ ਮੁੜ ਪਾਣੀ ਵਿਚ ਹੀ ਰਲ ਜਾਂਦੀਆਂ ਹਨ। ਤਿਵੇਂ ਹੀ ਸ਼ਬਦ ਗੁਰੂ ਨੂੰ ਸਮਰਪਤ ਹੋ ਕੇ ਸਿਖਿਆ ਤੋਂ ਪ੍ਰਾਣੀ ਦੇ ਨਿਜਘਰਿ ਵਿਚ ਵਸਦੀ ਰੱਬੀ ਜੋਤ ਨਾਲ ਸੁਰਤਿ (ਜੋਤਿ) ਪ੍ਰਭੂ ਦੀ ਜੋਤਿ ਵਿਚ ਮਿਲੀ ਜਾਂਦੀ ਹੈ।

ਨਾਨਕ ਪਾਤਿਸ਼ਾਹ ਆਖਦੇ ਹਨ ਕਿ—ਗੁਰੂ ਦੇ ਸਨਮੁਖ (ਆਗਿਆਕਾਰੀ ਹੋ ਕੇ) ਜੀਵ ਜਿਨ੍ਹਾਂ ਭ੍ਰਮ-ਭੁਲੇਖਿਆਂ-ਅਵਗੁਣਾਂ ਦੀ ਕੈਦ ਵਿਚ ਜਕੜਿਆ ਪਿਆ ਰਹਿੰਦਾ ਹੈ ਉਹ ਸਭ ਖੁਲ੍ਹ ਜਾਂਦੇ ਹਨ, ਤੇ ਮੁੜ ਮਨੁੱਖ ਦੌੜ ਭੱਜ ਕਰਨ ਵਾਲੇ (ਜਉਲਾ) ਸੁਭਾਵ ਵਾਲਾ ਨਹੀਂ ਰਹਿੰਦਾ।(ਕਿਉਂਕਿ ਜੋਤੀ ਸੰਗਿ ਜੋਤਿ ਰਲੀ)।

ਬਿਲਾਵਲੁ ਮ: 5 ਦੇ ਚੌਥੇ ਛੰਤ ਦਾ ਸਮੁਚਾ ਭਾਵ:

ਹੁਣ ਤੱਕ ਦੀ ਵਿਚਾਰ ਨੂੰ ਮੁਖ ਰੱਖੀਏ ਤਾਂ ਗੁਰੁ ਬਚਨਾਂ ਰਾਹੀਂ ਸਪਸ਼ਟ ਹੋ ਜਾਂਦਾ ਹੈ ਕਿ ਪੰਜਵੇਂ ਪਾਤਿਸ਼ਾਹ, ਨਾਨਕ ਪਾਤਿਸ਼ਾਹ ਵਾਂਗ ਸਪੂਰੰਨ ਤੌਰ ਤੇ ਸ਼ਬਦ ਗੁਰੂ ਨੂੰ ਸਮਰਪਤ ਸਨ। ਅਸੀਂ ਇਹ ਬੜੀ ਦ੍ਰਿੜਤਾ ਨਾਲ ਕਹਿ ਸਕਦੇ ਹਾਂ ਕਿ ਉਹ ਜਿਉਂਦੇ ਜੀਅ ਹੀ ਜੋਤੀ ਜੋਤਿ ਵਿਚ ਸਮਾਏ ਹੋਏ ਸਨ। ਇਹ ਕਹਿਣਾ ਵੀ ਉਚਿਤ ਹੋਵੇਗਾ ਕਿ ਸਾਰੇ ਗੁਰੂ ਸਾਹਿਬ, ਭਗਤ, ਭੱਟ ਅਤੇ ਜਿਨ੍ਹਾਂ ਜਿਨ੍ਹਾਂ ਗੁਰਸਿਖਾਂ ਦੀ ਬਾਣੀ ਸ੍ਰੀ ਗੁਰੁ ਗ੍ਰੰਥ ਸਹਿਬ ਵਿਚ ਅੰਕਿਤ ਹੈ ਉਹ ਸਾਰੇ ਦੇ ਸਾਰੇ ਜਿਓਂਦੇ ਜੀਅ ਹੀ ਪ੍ਰਮੇਸ਼ਰ ਦੀ ਜੋਤ ਵਿਚ ਸਮਾਏ ਹੋਏ ਸਨ। ਗੁਰੂ ਸਾਹਿਬਾਂਨ ਦੇ ਨਿਕਟ ਵਰਤੀ ਸਿੱਖ ਵੀ ਜੋਤੀ ਜੋਤਿ ਵਿਚ ਸਮਾਏ ਹੋਏ ਸਨ। ਇਸੇ ਕਰਕੇ ਹੀ ਉਨ੍ਹਾਂ ਸਭ ਦਾ ਗੌਰਵਮਈ ਇਤਿਹਾਸ ਪੜ੍ਹਿਆ ਤੇ ਸੁਣਿਆ ਜਾਂਦਾ ਹੈ।

ਇਤਿਹਾਸ ਦੀ ਪਰਖ-ਪੜਚੋਲ ਕਰਨ ਵਾਸਤੇ ਗੁਰਬਾਣੀ ਦੀ ਹੀ ਕਸਵਟੀ ਲਾਉਣੀ ਪਵੇਗੀ। ਰੱਬੀ ਗੁਣਾਂ ਨਾਲ ਭਰਪੂਰ ਜੀਵਨ ਜੀਊਣ ਵਾਲੇ ਹੀ ਇਤਿਹਾਸ ਸਿਰਜਦੇ ਹਨ। ਨਹੀਂ ਤਾਂ ਇਤਿਹਾਸ ਨਹੀਂ, ਮਿਥਿਹਾਸ ਹੁੰਦਾ ਹੈ। ਗੁਰਬਾਣੀ ਅਨੁਸਾਰ ਇਸੇ ਜੀਵਨ ਵਿਚ ਹੀ ਜੋਤੀ ਜੋਤ ਸਮਾਉਣਾ ਹੁੰਦਾ ਹੈ ਨਾਂ ਕਿ ਮਰਨ ਪਿਛੋਂ। ਪੰਜਵੇਂ ਪਾਤਿਸ਼ਾਹ ਸ਼ਹੀਦ ਹੋਣ ਤੋਂ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਦਰਬਾਰ ਸਾਹਿਬ ਵਿਚ ਕਰ ਚੁੱਕੇ ਸਨ। ਹਰਗੋਬਿੰਦ ਪਾਤਿਸ਼ਾਹ ਨੇ ਪੰਜਵੇਂ ਪਾਤਿਸ਼ਾਹ ਦੇ ਜਾਣ ਉਪਰੰਤ ਜੋਤੀ ਜੋਤ ਸਮਾਉਣ ਸਬੰਧਤ ਕੋਈ ਪਾਠ ਨਹੀਂ ਕਰਵਾਇਆ। ਕਿਸੇ ਦੇ ਜਾਣ ਪਿਛੋਂ ਦਰਬਾਰ ਸਾਹਿਬ ਵਿਚ ਇਸ ਤਰ੍ਹਾਂ ਨਹੀਂ ਕੀਤਾ ਜਾਂਦਾ। ਪੰਜਵੇਂ ਪਾਤਿਸ਼ਾਹ ਜੀਵਨ ਵਿਚ ਹੀ ਰੱਬੀ ਜੋਤ ਨਾਲ ਇਕ ਮਿਕ ਹੋ ਗਏ ਸਨ।

"ਮ 1: ਜੋਤੀ ਜੋਤਿ ਮਿਲਾਈਐ ਸੁਰਤੀ ਸੁਰਤਿ ਸੰਜੋਗੁ॥ ਹਿੰਸਾ ਹਉਮੈ ਗਤੁ ਗਏ ਨਾਹੀ ਸਹਸਾ ਸੋਗੁ॥ ਗੁਰਮੁਖਿ ਜਿਸੁ ਹਰਿ ਮਨਿ ਵਸੈ ਤਿਸੁ ਮੇਲੇ ਗੁਰੁ ਸੰਜੋਗੁ॥" (ਅੰਕ 21)

"ਮ 3: ਏਕਾ ਜੋਤਿ ਜੋਤਿ ਹੈ ਸਰੀਰਾ॥ ਸਬਦਿ ਦਿਖਾਏ ਸਤਿਗੁਰੁ ਪੂਰਾ ॥"(ਅੰਕ 125)

ਜੇ ਅਸੀਂ ਵੀ ਜੋਤੀ ਜੋਤ ਸਮਾਉਣਾ ਚਾਹੀਏ ਤਾਂ:

"ਮ 4: ਗੁਰਸਿਖ ਮੀਤ ਚਲਹੁ ਗੁਰ ਚਾਲੀ॥ ਜੋ ਗੁਰੁ ਕਹੈ ਸੋਈ ਭਲ ਮਾਨਹੁ ਹਰਿ ਹਰਿ ਕਥਾ ਨਿਰਾਲੀ॥1॥" (ਅੰਕ 667)

ਗੁਰੂ ਦੇ ਨਿਮਾਣੇ ਜਿਹੇ ਸਿੱਖ ਵਲੋਂ ਹੋਈਆਂ ਭੁੱਲਾਂ ਦੀ ਖਿਮਾਂ ਕਰਨਾਂ ਜੀ।

Sardar Jagtar Singh Bhatti – with Al Gore

(By) Dr. S. Raja Balraj Singh, Calgary (Canada)

Sardar Jagtar Singh Bhatti, an *Amritdhari* Sikh Scientist with the *Canadian Forest Service*, was part of the UN-Intergovernmental Panel on Climate Change (IPCC), along with Al Gore, the 45th US Vice President, (under Democratic President Bill Clinton). In 2006, Al Gore made a documentary '*An Inconvenient Truth*' and founded '*The Climate Reality Project*' for climate solutions. The outstanding work of S. Jagtar Singh Bhatti, a *Carbon Cycling Modeling Scientist,* Al Gore, and IPCC, earned them the 2007 Nobel Peace Prize.

S. Jagtar Singh Bhatti, contributed to the global effort addressing climate change, involving over 2,400 scientists from 130 countries. Recognized by Canadian Governmrnt, his contribution reflects the Sikh principles of respecting creation and preserving nature. The scientists' work was reviewed by over 1200 experts to produce the *Assessment Report* and technical papers on climate change and its effects and causes as well as projected future changes and impact.

The Nobel Committee commended :

"Their efforts to build up and disseminate greater knowledge about man-made climate changes and lay the foundations for measures needed to counteract such changes." They are important also because the work highlights the security risks posed by climate change, potential for international conflicts, human displacement, and resource scarcity.

S. Jagtar Singh Bhatti's contributions include collaborating with the other scientists to produce technical papers on carbon cycling and forest ecosystems, critical areas in understanding climate feedback.

S. Jagtar Singh Bhatti was honored with a personalized certificate recognizing his role in the achievement. He was also publicly acknowledged by Canada's Minister of Natural Resources. His work not only advanced Climate Science but also elevated the visibility of the Sikh community's contributions to global environmental stewardship.

S. Jagtar Singh Bhatti focused on the carbon stocks and fluxes in forest ecosystems, sensitivity of dead organic matter to climate change and forest floor decomposition dynamics and their impact on carbon release. His most cited work is the *Boreal Forest Transect Case Study*, which examined how different forest types store and release carbon under varying climate conditions.

Highlights from his research:

Black spruce stands in poorly drained areas, has very high deadwood carbon stocks in the forest floor, comparable to living biomass. These areas show hindered decomposition due to high carbon-to-nitrogen (C/N) ratios, elevated tannin and phenolic concentrations, very poor drainage and large moss accumulation. Jack pine stands by contrast, had thinner forest floors dominated by lichen and char, with lower carbon retention.

Bhatti's modeling showed that even small changes in moisture could trigger large carbon losses due to accelerated decomposition, making these ecosystems highly sensitive to climate change. His work fed into the IPCC's understanding of how soil and *detrital carbon* pools (deadwood debris) respond to warming, the regional variability in carbon storage across *boreal forests*. The potential feedback loops warming leads to carbon release, which in turn accelerates climate change.

Boreal Forests

These forests have about 85 % soils and peatlands and store about 700 to 1,000 billion tonnes of carbon, with a slow decomposition rate due to cold and wet conditions. They are influenced by a phenomenon called thawing pf *permafrost* and act as carbon sinks for above 50 years.

Permafrost is ground that remains frozen for at least two consecutive years, and is critical in climate system, especially in Arctic regions. As global temperatures rise, this frozen ground is *thawing*, and the consequences are profound. It is found in high-latitude regions like Siberia, Alaska, and northern Canada. It contains ancient organic material: dead plants, animals, and microbes.

Permafrost acts as a carbon vault, storing **t**wice as much carbon as is currently in the atmosphere. When permafrost thaws, it releases greenhouse gases - primarily carbon dioxide (CO_2) and methane (CH_4)—into the atmosphere:

Methane is especially potent, trapping about 30 times more heat than CO_2 over a 100 - year period. A recent study found that permafrost regions have become net contributors to global warming due to these emissions.

Emissions from thawing permafrost would be comparable to those of major industrial nations by the end of the century. Roads, buildings, and pipelines in Arctic communities are collapsing due to unstable ground. Thawing alters river systems, vegetation, and wildlife habitats. Indigenous communities face threats to traditional ways of life tied to frozen landscapes.

Tropical Forests

These forests have mostly living biomass (living trees and vegetation) and store about 400 to 500 billion tonnes of carbon. They decompose fast (due to warm, humid climate) in about 20 to 30 years.

Being active to carbon cycling, tropical forests have more 'Climate Impact and Deforestation'. His research has a profound impact on our knowledge of permafrost and carbon dynamics in both forest ecosystems.

Importance of. Jagtar Singh Bhatti's scientific work for Canada

His research highlights the sensitivity of boreal soils to moisture and temperature changes, effect of small shifts in climate triggering large carbon losses from forest floors, role of dead organic matter and inhibitors (like tannins and moss) in carbon retention. Its policy impacts are visible on forest conservation strategies that now prioritize peatlands and permafrost zones. Critical carbon reservoirs and sustainable forest management plans increasingly include soil carbon accounting, not just biomass, and call for protecting at least half of Canada's boreal forests from industrial disturbance. S. Jagtar Singh Bhatti's work has influenced climate adaptation frameworks of Canada's forest policies, fully integrating his scientific recommendations, especially around logging impacts, indigenous stewardship, and biodiversity protection.

ਸਰਦਾਰ ਕਿਰਪਾਲ ਸਿੰਘ ਪੰਨੂੰ - ਸਮਾਜ ਸੇਵਕ :
ਬਹੁ-ਪੱਖੀ ਸ਼ਖ਼ਸੀਅਤ ਦੇ ਮਾਲਕ

ਡਾ. ਸਰਦਾਰ ਸੁਖਦੇਵ ਸਿੰਘ ਝੰਡ, ਬਰੈਂਪਟਨ (ਕੈਨੇਡਾ) 1 647-567-9128



ਲੇਖਕ

ਸਰਦਾਰ ਕਿਰਪਾਲ ਸਿੰਘ ਪੰਨੂੰ ਬਹੁ-ਪੱਖੀ ਸ਼ਖ਼ਸੀਅਤ ਦੇ ਮਾਲਕ ਹਨ। ਉਹ ਕੰਪਿਊਟਰ ਦੀ 'ਨਾੜ-ਨਾੜ' ਦੇ ਵਾਕਿਫ਼ ਹਨ ਅਤੇ ਉਸ ਦੀ 'ਨਬਜ਼' ਟੋਹ ਕੇ ਹੀ ਉਸ ਦੀ ਬੀਮਾਰੀ ਲੱਭਣ ਅਤੇ ਉਸ ਨੂੰ ਠੀਕ ਕਰਨ ਵਾਲੇ 'ਡਾਕਟਰ' ਤੇ 'ਵੈਦ' ਹਨ। ਕੰਪਿਊਟਰ ਦੀ ਹਰੇਕ 'ਬੀਮਾਰੀ' ਤੇ 'ਮੁਸ਼ਕਲ' ਦਾ ਹੱਲ ਉਨ੍ਹਾਂ ਕੋਲ ਮੌਜੂਦ ਹੈ। ਚਾਹੇ ਇਹ ਮੁਸ਼ਕਲ ਪੰਜਾਬੀ ਦੇ ਸੈਂਕੜੇ ਫੌਂਟਾਂ ਵਿੱਚੋਂ ਕਿਸੇ ਵੀ ਫੌਂਟ ਵਿਚ ਟਾਈਪ ਕਰਦਿਆਂ ਆਈ ਹੋਵੇ, ਜਾਂ ਟਾਈਪ ਕੀਤੇ ਹੋਏ 'ਮੈਟਰ' ਨੂੰ ਇਕ ਫੌਂਟ ਤੋਂ ਦੂਸਰੇ ਵਿਚ ਬਦਲਣ ਦੀ ਹੋਵੇ ਤੇ ਚਾਹੇ ਇਹ ਕਿਸੇ 'ਮੈਟਰ' ਨੂੰ ਗੁਰਮੁਖੀ ਲਿਪੀ ਤੋਂ ਸ਼ਾਹਮੁਖੀ ਜਾਂ ਸ਼ਾਹਮੁਖੀ ਲਿਪੀ ਤੋਂ ਗੁਰਮੁਖੀ ਲਿਪੀ ਵਿਚ ਕਰਨ ਦੀ ਹੋਵੇ। ਇਸ ਦੇ ਨਾਲ ਹੀ ਕੰਪਿਊਟਰ ਜੇਕਰ ਚੰਗਾ ਭਲਾ ਚੱਲਦਾ-ਚੱਲਦਾ 'ਅੜੀ' ਕਰ ਬੈਠਾ ਹੈ ਤਾਂ ਇਸ ਦਾ ਇਲਾਜ ਵੀ ਉਨ੍ਹਾਂ ਕੋਲ ਹੈ। ਉਹ ਉਸ ਨੂੰ ਵੀ 'ਹੱਲਾਸ਼ੇਰੀ' ਦੇ ਕੇ ਤੋਰਨ ਲਾ ਦਿੰਦੇ ਹਨ।

ਕੰਪਿਊਟਰ ਅੰਦਰ ਕਈ ਵਾਰ 'ਬਲ਼ਾਵਾਂ' (ਵਾਇਰਸਾਂ) ਵੀ ਆ ਵੜਦੀਆਂ ਹਨ ਜੋ ਇਸ ਦੇ ਪ੍ਰੋਗਰਾਮਾਂ ਦਾ ਸੱਤਿਆਨਾਸ ਕਰ ਦਿੰਦੀਆਂ ਹਨ ਤੇ ਕੰਪਿਊਟਰ ਨੂੰ 'ਨਕਾਰਾ' ਕਰ ਦਿੰਦੀਆਂ ਹਨ। ਪੰਨੂੰ ਸਾਹਿਬ ਕੋਲ ਇਨ੍ਹਾਂ 'ਬਲਾਵਾਂ' ਨੂੰ ਦੂਰ ਭਜਾਉਣ ਅਤੇ ਕੰਪਿਊਟਰ ਨੂੰ ਮੁੜ 'ਨੌਂ-ਬਰ-ਨੌਂ' ਕਰਨ ਦਾ 'ਗੁਰ' ਵੀ ਹੈ। ਬਰੈਂਪਟਨ ਵਿਚ 'ਸੀਨੀਅਰਜ਼' ਕਹੇ ਜਾਂਦੇ ਬਜ਼ੁਰਗਾਂ ਨੂੰ ਉਹ ਕੰਪਿਊਟਰ ਦੇ 'ਲੜ ਲਾਉਂਦੇ' ਹਨ। ਪੰਨੂ ਸਾਹਿਬ ਨੇ ਸੈਂਕੜੇ ਸੀਨੀਅਰਜ਼ ਨੂੰ ਪ੍ਰੇਰਨਾ ਦੇ ਕੇ ਕੰਪਿਊਟਰ ਸਿੱਖਣ ਲਈ ਰਾਜ਼ੀ ਕੀਤਾ ਅਤੇ ਫਿਰ ਉਨ੍ਹਾਂ ਨੂੰ ਕੰਪਿਊਟਰ ਦੀ ਸਿਖਲਾਈ ਦੇਣ ਲਈ ਕੰਪਿਊਟਰਾਂ ਦੀ ਖ਼੍ਰੀਦੋ-ਫ਼ਰੋਖ਼ਤ ਤੇ ਮੁਰੰਮਤ ਕਰਨ ਵਾਲੀਆਂ ਕਈ ਫ਼ਰਮਾਂ ਦੇ ਮਾਲਕਾਂ ਦੇ ਸਹਿਯੋਗ ਨਾਲ ਲਗਾਤਾਰ 10-12 ਸਾਲ ਗਰਮੀਆਂ ਵਿਚ ਕੈਂਪ ਲਾਏ। ਇਨ੍ਹਾਂ ਕੈਂਪਾਂ ਵਿਚ ਉਨ੍ਹਾਂ ਬਜ਼ੁਰਗਾਂ ਦੀਆਂ ਸਖ਼ਤ ਉਂਗਲਾਂ ਨੂੰ 'ਕੀ-ਬੋਰਡ' ਉੱਪਰ ਹੌਲ਼ੀ-ਹੌਲ਼ੀ ਤੋਰਨ ਦੀ ਜਾਚ ਦੱਸੀ।

ਚਾਰ-ਪੰਜ ਹਫ਼ਤਿਆਂ ਦੇ ਇਸ ਕੋਰਸ ਨਾਲ ਉਹ ਮਾੜੀ ਮੋਟੀ ਟਾਈਪ ਕਰਨ ਤੇ 'ਈ-ਮੇਲ' ਕਰਨ ਅਤੇ ਆਈਆਂ ਹੋਈਆਂ 'ਈ-ਮੇਲਾਂ' ਵੇਖਣ ਤੇ ਉਨ੍ਹਾਂ ਦੇ ਜੁਆਬ ਦੇਣ ਦੇ ਯੋਗ ਹੋ ਗਏ ਸਨ। ਇਸ ਤੋਂ ਅੱਗਾਂਹ ਸਿੱਖਣ ਵਾਲੇ ਸਿੱਖਿਆਰਥੀ ਪੰਨੂੰ ਸਾਹਿਬ ਦੇ ਅਗਲੇਰੇ 'ਹਾਇਰ ਕੋਰਸ' ਲਈ ਆਪਣੇ ਨਾਂ ਲਿਖਵਾ ਦਿੰਦੇ ਸਨ।

ਇਹ ਆਮ ਹੀ ਸੁਣਨ ਵਿਚ ਆਉਂਦਾ ਹੈ ਕਿ ਕੈਨੇਡਾ ਵਿਚ ਹਰੇਕ ਚੀਜ਼ 'ਵਿਕਾਊ' ਹੈ ਅਤੇ ਕੁਝ ਵੀ ਮੁਫ਼ਤ ਨਹੀਂ ਹੈ। ਮੁਫ਼ਤ ਵਿਚ ਕਿਸੇ ਨੂੰ ਕੋਈ ਮਾੜੀ ਮੋਟੀ ਸਲਾਹ ਵੀ ਨਹੀਂ ਦਿੰਦਾ। ਪਰ ਪੰਨੂੰ ਸਾਹਿਬ ਵੱਲੋਂ ਮੁਹੱਈਆ ਕੀਤੀਆਂ ਜਾਣ ਵਾਲੀਆਂ ਸਾਰੀਆਂ ਸੇਵਾਵਾਂ ਅਤੇ ਕੰਪਿਊਟਰ ਸਬੰਧੀ ਹਰ ਤਰ੍ਹਾਂ ਦੀਆਂ ਮੁਸ਼ਕਲਾਂ ਦੇ ਹੱਲ ਬਿਲਕੁਲ 'ਨਿਸ਼ਕਾਮ-ਸੇਵਾ' ਵਜੋਂ ਕੀਤੇ ਜਾਂਦੇ ਸਨ। ਉਹ ਕਿਸੇ ਕੋਲੋਂ ਕਿਸੇ ਕਿਸਮ ਦੀ ਕੋਈ 'ਫ਼ੀਸ' ਨਹੀਂ ਲੈਂਦੇ ਹਨ। ਸਿਖਾਂਦਰੂਆਂ ਨੂੰ ਸਿਖਲਾਈ ਲਈ ਲੈਪਟਾਪ ਵੀ 'ਮੁਫ਼ਤ' ਦਿੱਤੇ ਜਾਂਦੇ ਸਨ। ਇਹ ਕੰਮ ਕੰਪਿਊਟਰੀ ਫ਼ਰਮਾਂ ਦੇ ਸਹਿਯੋਗ ਨਾਲ ਕੀਤਾ ਜਾਂਦਾ ਸੀ।

ਉੱਘੇ ਖੇਡ-ਲੇਖਕ ਪ੍ਰਿੰਸੀਪਲ ਸਰਵਣ ਸਿੰਘ ਨੇ ਪੰਨੂ ਸਾਹਿਬ ਦੇ 75-ਵੇਂ ਜਨਮ-ਦਿਨ 'ਤੇ 2011 ਵਿਚ ਪੁਸਤਕ 'ਕੰਪਿਊਟਰ ਧਨੰਤਰ : ਕਿਰਪਾਲ ਸਿੰਘ ਪੰਨੂੰ' ਦੀ ਸੰਪਾਦਨਾ ਕੀਤੀ ਜਿਸ ਵਿਚ 47 ਵੱਖ-ਵੱਖ ਲੇਖਕਾਂ ਦੇ ਪੰਨੂੰ ਸਾਹਿਬ ਦੀ ਸ਼ਖ਼ਸੀਅਤ ਦੇ ਵੱਖ-ਵੱਖ ਪਹਿਲੂਆਂ ਬਾਰੇ ਲੇਖ ਸ਼ਾਮਲ ਕੀਤੇ ਗਏ। ਇਹ ਨਵਤੇਜ ਭਾਰਤੀ ਦੇ ਇੱਕ ਪੰਨੇ ਦੇ ਭਾਵਪੂਰਤ ਆਰਟੀਕਲ ਤੋਂ ਲੈ ਕੇ ਡਾ. ਵਰਿਆਮ ਸਿੰਘ ਸੰਧੂ ਦੇ 17 ਸਫ਼ੇ ਦੇ ਲੰਮੇਂ ਲੇਖ ਦੇ ਵਿਚਕਾਰ ਸੀ।

ਇਨ੍ਹਾਂ ਆਰਟੀਕਲਾਂ ਦੇ ਲੇਖਕਾਂ ਨੇ ਪੰਨੂੰ ਸਾਹਿਬ ਨੂੰ ਵੱਖੋ-ਵੱਖਰੇ ਵਿਸ਼ੇਸ਼ਣਾਂ ਤੇ ਅਲੰਕਾਰਾਂ ਨਾਲ ਨਿਵਾਜਿਆ ਹੈ। ਕਿਸੇ ਨੇ ਉਨ੍ਹਾਂ ਨੂੰ "ਕੰਪਿਊਟਰ ਦਾ ਧਨੰਤਰ ਵੈਦ" ਤੇ ਕਿਸੇ ਨੇ "ਕੰਪਿਊਟਰ ਦਾ ਧੰਨਾ ਜੱਟ" ਆਖਿਆ। ਕਿਸੇ ਨੇ "ਕੰਪਿਊਟਰ ਦਾ ਭਾਈ ਘਨੱਈਆ" ਤੇ ਕਿਸੇ ਨੇ "ਕੰਪਿਊਟਰ ਦੀਆਂ ਘੁੰਡੀਆਂ ਮੇਲਣ ਵਾਲਾ" ਕਿਹਾ। ਕਈ ਹੋਰਨਾਂ ਨੇ ਉਨ੍ਹਾਂ ਨੂੰ "ਦਰਿਆ ਦਿਲ ਪੰਨੂੰ", "ਯਾਰ ਅਣਮੁੱਲਾ ਹਵਾ ਦਾ ਬੁੱਲਾ", "ਪੰਜਾਬੀਅਤ ਦਾ ਚਾਨਣ-ਮੁਨਾਰਾ", "ਕੰਪਿਊਟਰੀ-ਮੰਡਲਾਂ ਦਾ ਖੋਜਕਾਰ" ਤੇ 'ਕੰਪਿਊਟਰ ਪਾਇਲਟ" ਵੀ ਆਖਿਆ। ਕਿਸੇ ਲਈ ਉਹ "ਸੁਹਿਰਦ ਇਨਸਾਨ" ਹੈ ਤੇ ਕਿਸੇ ਲਈ ਪੰਜਾਬ ਪੋਲੀਸ ਅਤੇ ਬੀ.ਐੱਸ.ਐੱਫ਼. ਵਿਚ 35 ਸਾਲ ਕੀਤੀ ਗਈ ਨੌਕਰੀ ਤੋਂ ਬਾਅਦ ਹੋਈ 'ਸੇਵਾ-ਮੁਕਤੀ' ਸਮੇਂ ਆਪਣਾ ਦਿਮਾਗ਼ ਆਪਣੇ ਨਾਲ ਸਹੀ ਸਲਾਮਤ 'ਚੋਰੀ' ਆਪਣੇ ਨਾਲ ਲਿਆਉਣ ਵਾਲਾ "ਪੰਨੂੰ ਚੋਰ" ਹੈ, ਕਿਉਂਕਿ ਉਸ ਲੇਖਕ ਮੁਤਾਬਿਕ ਫ਼ੌਜੀਆਂ ਨੂੰ ਸੇਵਾ-ਮੁਕਤੀ ਸਮੇਂ ਪੈੱਨਸ਼ਨ 'ਤੇ ਭੇਜਣ ਲੱਗਿਆਂ ਉਨ੍ਹਾਂ ਦਾ ਦਿਮਾਗ਼ ਉੱਥੇ ਹੀ ਰੱਖ ਲਿਆ ਜਾਂਦਾ ਹੈ। ਇਕ ਹੋਰ ਲੇਖਕ ਅਨੁਸਾਰ ਪੰਨੂੰ ਸਾਹਿਬ "ਕੰਪਿਊਟਰ ਰੋਗਾਂ ਤੇ ਰੋਗੀਆਂ ਦੇ ਵੈਦ" ਹਨ ਜੋ ਕੰਪਿਊਟਰਾਂ ਅਤੇ 'ਕੰਪਿਊਟਰ ਯੂਜ਼ਰਾਂ' ਦੀ ਹਰੇਕ 'ਬੀਮਾਰੀ' ਨੂੰ ਠੀਕ ਕਰਦੇ ਹਨ।

ਇਸ ਦੇ ਨਾਲ ਹੀ ਪੰਨੂੰ ਸਾਹਿਬ ਪੰਜਾਬੀ ਸਾਹਿਤ ਤੇ ਸੱਭਿਆਚਾਰ ਨਾਲ ਡੂੰਘੀ ਦਿਲਚਸਪੀ ਰੱਖਦੇ ਹਨ। ਉਨ੍ਹਾਂ ਪੰਜਾਬੀ ਸਾਹਿਤ ਕਾਫ਼ੀ ਪੜ੍ਹਿਆ ਤੇ ਗੁੜ੍ਹਿਆ ਹੈ। ਬੀ.ਐੱਸ.ਐੱਫ਼ ਵਿਚ ਨੌਕਰੀ ਕਰਦਿਆਂ ਉਹ ਆਪਣੀ ਪਤਨੀ ਨੂੰ ਰੋਮਾਂਸ ਨਾਲ ਲਬਰੇਜ਼ ਚਿੱਠੀਆਂ ਲਿਖਦੇ ਸਨ।

ਉਨ੍ਹਾਂ ਵਿੱਚੋਂ ਇੱਕ ਬਰੈਂਪਟਨ ਦੀ ਇੱਕ ਸਾਹਿਤਕ ਸੰਸਥਾ ਵੱਲੋਂ ਪੰਨੂੰ ਸਾਹਿਬ ਦੇ ਸਨਮਾਨ ਸਮਾਗ਼ਮ ਵਿਚ 'ਸਰਗਮ' ਰੇਡੀਓ ਦੇ ਸੰਚਾਲਕ ਡਾ. ਬਲਵਿੰਦਰ ਧਾਲੀਵਾਲ ਵੱਲੋਂ ਸਰੋਤਿਆਂ ਨੂੰ ਸੁਣਾਈ ਗਈ ਜਿਸ ਨੂੰ ਬੇਹੱਦ ਪਸੰਦ ਕੀਤਾ ਗਿਆ। ਇਸ ਚਿੱਠੀ ਵਿਚ ਪੰਨੂੰ ਸਾਹਿਬ ਨੇ ਇੱਕ ਮੰਜੇ ਹੋਏ ਸਾਹਿਤਕਾਰ ਵਾਂਗ ਕਈ ਸੰਕੇਤਾਂ, ਪ੍ਰਤੀਕਾਂ ਤੇ ਬਿੰਬਾਂ ਦੀ ਵਰਤੋਂ ਕੀਤੀ ਹੈ।

ਬੀ.ਐੱਸ.ਐੱਫ਼. ਵਿੱਚ ਡਿਪਟੀ ਕਮਾਂਡੈਂਟ ਦੇ ਵੱਕਾਰੀ ਉੱਚ-ਅਹੁਦੇ ਤੇ ਕੰਮ ਕਰਦਿਆਂ 1995 ਵਿਚ 'ਪ੍ਰੀ-ਮੈਚਿਓਰ ਰਿਟਾਇਰਮੈਂਟ' ਲੈ ਕੇ ਪੰਨੂੰ ਸਾਹਿਬ ਬਰੈਂਪਟਨ ਆਪਣੇ ਪੁੱਤਰਾਂ ਕੋਲ ਆ ਗਏ ਅਤੇ ਇੱਥੇ ਓਸੇ ਸਾਲ ਆਰੰਭ ਹੋਈ ਸਾਹਿਤਕ ਸੰਸਥਾ 'ਕਲਮਾਂ ਦਾ ਕਾਫ਼ਲਾ' ਦੀਆਂ ਮਹੀਨਾਵਾਰ ਮੀਟਿੰਗਾਂ ਵਿਚ ਹਾਜ਼ਰੀ ਭਰਨ ਲੱਗੇ। ਕਵਿਤਾ ਤੇ ਛੋਟੀਆਂ-ਕਹਾਣੀਆਂ ਲਿਖਣ ਦੀ ਚਿਣਗ ਉਨ੍ਹਾਂ ਵਿਚ ਪਹਿਲਾਂ ਹੀ ਮੌਜੂਦ ਸੀ ਜੋ ਇੱਥੇ ਆ ਕੇ ਸਕਿਉਰਿਟੀ ਗਾਰਡ ਦੀ ਨੌਕਰੀ ਕਰਦਿਆਂ ਇਹ ਹੋਰ ਵੀ ਪ੍ਰਬਲ ਹੋ ਗਈ। ਉਹ ਇਸ 'ਕਾਫ਼ਲੇ' ਦੀਆਂ ਮੀਟਿੰਗਾਂ ਵਿਚ ਆਪਣੀਆਂ ਕਵਿਤਾਵਾਂ, ਕਹਾਣੀਆਂ ਤੇ ਛੋਟੇ-ਮੋਟੇ ਵਿਅੰਗਮਈ ਟੋਟਕੇ ਸਾਂਝੇ ਕਰਨ ਲੱਗੇ ਜਿਨ੍ਹਾਂ ਨੂੰ ਸਾਹਿਤਕ ਦੋਸਤਾਂ ਵੱਲੋਂ ਕਾਫ਼ੀ ਪਸੰਦ ਕੀਤਾ ਜਾਂਦਾ ਸੀ। ਇਸ ਦੇ ਨਾਲ ਹੀ ਵੱਖ-ਵੱਖ ਕਹਾਣੀਕਾਰਾਂ ਦੇ ਘਰਾਂ ਵਿਚ ਹੋਣ ਵਾਲੇ 'ਕਹਾਣੀ-ਦਰਬਾਰਾਂ' ਵਿਚ ਉਹ ਕਹਾਣੀਕਾਰਾਂ ਦੀਆਂ ਲੰਮੀਆਂ ਕਹਾਣੀਆਂ ਨੂੰ ਧਿਆਨ ਨਾਲ ਸੁਣਦੇ ਅਤੇ ਇਨ੍ਹਾਂ ਦੀ ਲੋੜੀਂਦੀ ਆਲੋਚਨਾ ਵੀ ਕਰਦੇ। ਉਹ ਕਹਾਣੀ-ਲੇਖਕਾਂ ਨੂੰ ਕਈ ਬਹੁ-ਮੁੱਲੇ ਸੁਝਾਅ ਵੀ ਦਿੰਦੇ ਜਿਨ੍ਹਾਂ ਨਾਲ ਉਨ੍ਹਾਂ ਦੀਆਂ ਕਹਾਣੀਆਂ ਨੂੰ ਹੋਰ ਰੌਚਕ ਤੇ ਦਿਲਚਸਪ ਬਣਾਇਆ ਜਾ ਸਕਦਾ ਸੀ।

ਬਰੈਂਪਟਨ ਤੇ ਮਿਸੀਸਾਗਾ ਵਿਚ ਛਪਦੀਆਂ ਪੰਜਾਬੀ ਅਖ਼ਬਾਰਾਂ ਨੂੰ ਪੰਜਾਬੀ ਦੇ ਫ਼ੌਂਟਸ ਸਬੰਧੀ ਕੋਈ ਵੀ ਮੁਸ਼ਕਲ ਆਉਂਦੀ ਤਾਂ ਉਹ ਪੰਨੂੰ ਸਾਹਿਬ ਨਾਲ ਸੰਪਰਕ ਕਰਦੇ। ਉਹ ਇਹ ਕੰਮ ਪਹਿਲ ਦੇ ਆਧਾਰ 'ਤੇ ਕਰਦੇ। ਉਨ੍ਹਾਂ ਦੀਆਂ ਰਚਨਾਵਾਂ ਵੀ ਪਹਿਲ ਦੇ ਆਧਾਰ 'ਤੇ ਛਪਦੀਆਂ ਸਨ। ਵੱਖ-ਵੱਖ ਅਖ਼ਬਾਰਾਂ ਨੂੰ ਪੰਨੂੰ ਸਾਹਿਬ ਵੱਲੋਂ ਭੇਜਿਆ ਗਿਆ ਹਫ਼ਤਾਵਾਰੀ ਕਾਲਮ "ਠਰਕੀ ਦੀ ਅੱਖ 'ਤੋਂ'" ਪਾਠਕਾਂ ਵੱਲੋਂ ਉਤਸ਼ਾਹ ਨਾਲ ਪੜ੍ਹਿਆ ਜਾਂਦਾ ਸੀ ਅਤੇ ਇਸ ਕਾਲਮ ਦੀ ਪ੍ਰਸ਼ੰਸਾ ਵਿਚ ਚਿੱਠੀਆਂ ਵੀ ਲਿਖੀਆਂ ਜਾਂਦੀਆਂ ਸਨ। ਇਸ ਕਾਲਮ ਵਿਚ ਪੰਨੂੰ ਸਾਹਿਬ ਵੱਲੋਂ ਅਜੋਕੇ ਸਮਾਜਿਕ ਹਾਲਾਤ ਬਾਰੇ ਕਈ ਵਿਅੰਗਮਈ ਟਿਪਣੀਆਂ ਕੀਤੀਆਂ ਜਾਂਦੀਆਂ ਸਨ।

ਪੰਨੂੰ ਸਾਹਿਬ ਨੂੰ 25 ਜੂਨ ਨੂੰ ਓਨਟਾਰੀਓ ਸੂਬੇ ਦੀ ਸਰਕਾਰ ਵੱਲੋਂ 'ਸੀਨੀਅਰਜ਼ ਲਾਈਫ਼ਟਾਈਮ ਅਚੀਵਮੈਂਟ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਇਹ ਸਨਮਾਨ ਉਨ੍ਹਾਂ ਨੂੰ ਡੀ.ਆਰ. ਚਾਤ੍ਰਿਕ ਤੇ ਹੋਰ ਪੰਜਾਬੀ ਕੰਪਿਊਟਰ ਫ਼ੌਂਟਸ ਬਨਾਉਣ, 'ਯੂਨੀਕੋਡ' ਨੂੰ ਹਰਮਨ ਪਿਆਰਾ ਕਰਨ ਲਈ ਕਨਵਰਟਰ ਤਿਆਰ ਕਰਨ ਅਤੇ ਪੰਜਾਬੀ ਕਮਿਊਨਿਟੀ ਨੂੰ ਕੰਪਿਊਟਰ ਸਿੱਖਿਆ ਨਾਲ ਜੋੜਨ ਸਬੰਧੀ ਮਹਾਨ ਦੇਣ ਲਈ ਪ੍ਰਦਾਨ ਕੀਤਾ ਗਿਆ ਹੈ। ਪੰਨੂੰ ਸਾਹਿਬ ਦਾ ਕਹਿਣਾ ਹੈ ਕਿ ਇਹ ਉਨ੍ਹਾਂ ਦਾ ਨਹੀਂ, ਸਗੋਂ ਸਮੂਹ ਪੰਜਾਬੀ ਕਮਿਊਨਿਟੀ ਦਾ ਮਾਣ ਹੈ। 90 ਸਾਲ ਨੂੰ ਪਹੁੰਚ ਰਹੇ ਪੰਨੂੰ ਸਾਹਿਬ ਬੇਸ਼ਕ ਤੁਰਨ ਲੱਗਿਆਂ ਹੁਣ ਸੋਟੀ ਦਾ ਸਹਾਰਾ ਲੈਂਦੇ ਹਨ ਪਰ ਕੰਪਿਊਟਰ ਦੀ ਵਰਤੋਂ ਉਹ ਅਜੇ ਵੀ ਨੌਜੁਆਨਾਂ ਨਾਲੋਂ ਵਧੇਰੇ ਤੇ ਵਧੀਆ ਤਰੀਕੇ ਨਾਲ ਕਰ ਰਹੇ ਹਨ। ਪ੍ਰਮਾਤਮਾ ਉਨ੍ਹਾਂ ਨੂੰ ਲੰਮੀ ਉਮਰ ਤੇ ਤੰਦਰੁਸਤੀ ਬਖ਼ਸ਼ੇ ਤਾਂ ਜੋ ਉਹ ਕਮਿਊਨਿਟੀ ਦੀ ਹੋਰ ਸੇਵਾ ਕਰ ਸਕਣ।

A Devoted Sikh of Guru Tegh Bahadur Ji :

Bhai Kirpa Singh of Mattan, Kashmir

(by) Dr Sardar Jasbir Singh Sarna, Jammu Tawi 180002 J&K UT

The martyrdom of Guru Tegh Bahadur Ji represents a profound milestone in the global history of religious freedom, standing as an unparalleled example of the Sikh commitment to protecting the rights of all to practice their faith without fear. In 17th century Kashmir, under Mughal Emperor Aurangzeb's oppressive policies, a delegation of Kashmiri Pandits, led by Bhai Kirpa Ram Dutt of Mattan, sought the Guru's protection against forced conversions and persecution. Guru Tegh Bahadur's response and ultimate martyrdom in 1675 CE not only defended the religious rights of Kashmiri Pandits but also inspired the founding of the *Khalsa* under Guru Gobind Singh Ji, signaling an era of resistance against tyranny.

This paper examines Bhai Kirpa Singh Dutt's role in this historical episode, the socio-political environment of Mughal India, and the spiritual resolve exemplified by Guru Sahib's sacrifice, utilizing primary sources including Bhat Vahi, Guru Kian Sakhian, Bachittar Natak, and contemporary Sikh historiography.

Under Aurangzeb's rule, Mughals adopted the policy of transforming India from *Dar-ul-Harb* to *Dar-ul-Islam,* forcing religious conversions, imposition of *jizya* tax, and the destruction of temples. Kashmir, in particular, became the focal point, being home to Pandits who were the representatives of India's intellectual tradition. In 1669 CE, Aurangzeb issued orders to demolish religious places and build mosques in their place while imposing jizya on non-Muslims. His objective was to weaken the economic, social, and religious structure of Hindu society, thereby forcing them to convert to Islam. The governor of Kashmir, Iftikhar Khan, tried to implement these orders using force and oppression (1).

The Pandits of Kashmir, who had been centers of Vedic and Sanskrit learning since ancient times, became a specific target of this policy of religious conversion. As they were regarded as intellectual leaders in society, it was believed that if the Pandits converted to Islam, the rest of the Hindus would also abandon their faith.

Aurangzeb presented his plan of converting India into Dar-ul-Islam before Guru Tegh Bahadur and sought his support for the mission. He argued that if the Guru embraced Islam, the Hindu leaders of Benares, Kurukshetra, Haridwar, and Kashmir would also accept Islam. He even offered Guru Ji high positions and rewards. Aurangzeb asked, "Why do you support the Brahmins when you do not even believe in the *Varna Ashram*?" Guru Ji replied that he stood for the defense of faith and freedom. This question initiated a profound dialogue between them and, according to tradition, was later destroyed by the authorities. This dialogue was between the tyrannical ruler and the unyielding, enlightened voice of a liberated prophet.

Guru Ji explained that Guru Nanak Dev Ji had critiqued the pride and religious narrow-mindedness of the Brahmins, but he was never against their religious principles.

Guru Nanak Dev Ji opposed hatred in the pursuit of human welfare and the realization of God. He was against any ideology that sought to destroy human freedom, for such an ideology could not be considered true religion (2).

Guru Teg Bahadur Ji clearly stated that he had come to Delhi to demonstrate a form of bravery the emperor had never witnessed before. Bhai Mati Das mentioned that at the age of fourteen, Guru Ji had already won battles against the Mughal armies. Understanding the transience of worldly pomp, Guru Ji chose martyrdom for the sake of religion and truth.

Aurangzeb's new religious policy was considered dangerous. In this context, a delegation of 16 Brahmins (some sources mention 500), led by Pandit Kirpa Ram of Mattan, Kashmir, approached Guru Tegh Bahadur. Kirpa Ram understood the Sikh movement's capacity to resist Mughal oppression. Aurangzeb viewed Guru Tegh Bahadur's support for the idol-worshipping Brahmins as partiality, issuing a secret order for the Guru's arrest. This order was sent to the Nawab of Sirhind, who then dispatched the Kotwal of Ropar, Mirza Nur Muhammad Khan, whose jurisdiction included Chak Nanaki. He awaited an opportunity.

Guru Tegh Bahadur appointed his son, Gobind Rai (born 18 December 1661), as the next Guru. Along with his companions Bhai Mati Das, Bhai Sati Das, and Bhai Dayal Das, Guru Sahib set out towards Delhi. On 12 July 1675, he was arrested at the village of Malikpur Rangharan, Pargana Ghanaula (3). They were sent to Sirhind, where they were kept for four months before being sent to Delhi on the orders of Aurangzeb, who was then at Hasan Abdal. Bhai Kirpa Ram Dutt, a descendant of Brahm Das and a renowned scholar of Sanskrit, came to Guru Ji along with his companions.

With folded hands, Kirpa Ram said,
The Dutt Brahmin from Mattan village. We have no strength left now,
O Guru Tegh Bahadur Rai!
O liberator who freed the elephant from chains, You are the incarnation of Guru Nanak. Just as you saved the honour of Draupadi, You fulfilled Sudama's wishes. (4)

Guru Ji decided to sacrifice his life to protect the freedom and religious rights of the Kashmiri Pandits. The most authentic source regarding Guru Tegh Bahadur Sahib is his own *Bani* enshrined in Sri Guru Granth Sahib. In the context of this history, we can see the *Manglacharan* written by Guru Gobind Singh Ji in the concluding portion of *Ardas*:

Meditate upon Guru Tegh Bahadur, the nine treasures shall rush to your home. He shall aid you everywhere. (5)

In Bachittar Natak by Guru Gobind Singh Ji, after describing the unified spirit of the first eight Gurus, the martyrdom of the ninth Guru is described vividly:

He protected the sacred thread and the Tilak, and performed a great act in this dark age. For the sake of righteousness, he sacrificed himself.
Giving his head but not his resolve.
For the cause of faith, he created a stir,
Giving his head but not bowing to tyranny. He shattered the pot of Delhi's arrogance and departed to the abode of the Divine.
Tegh Bahadur's unique act, no one else could perform.
His departure brought sorrow to the world, while the heavens rejoiced. (6)

Under the leadership of Bhai Kirpa Ram, this delegation reached Anandpur Sahib in 1675. *Guru Kian Sakhian* records this plea in detail:

"In Jeth Sudi Ekadashi, Samvat 1732, the congregations came to seek the Guru's audience. On this day, Kirpa Ram, son of Aru Ram Dutt of Mattan, arrived with a group of Brahmins from Kashmir, pleading with the Guru:

‘O benefactor of the poor, the governor of Kashmir is forcibly converting us to Islam; please protect us. We have come to your court as we have no one else to turn to.’ Guru Ji consoled them, saying that Baba Nanak would aid them, and then looked towards the sky. After a moment, looking back at the congregation, Guru Ji said: This mission will not succeed without a head being offered. Previously, Guru Arjan gave his head; now, I must give mine.’ Saying this, Guru Ji entered deep meditation. (7)

The Kashmiri Pandit delegation informed Guru Ji that the governor of Kashmir, Iftikhar Khan, was enforcing mass religious conversion. Hearing this, Guru Ji fell into deep contemplation. At that moment, young Gobind Rai asked about the matter, to which Guru Ji explained that the sacrifice of a great soul was required. Gobind Rai responded, “Father, who could be a greater sacrifice than you?”

Hearing this, Guru Ji resolved to offer himself. Guru Ji advised the Kashmiri Pandits to tell their rulers that if Guru Tegh Bahadur embraced Islam, they would also convert.

(Bhatt Vahi, Guru Kian Sakhian, Sakhi 28).

References

1. Sangat Singh -The Sikhs in History, Delhi, 2002, p. 57.

2. Gurbachan Singh Talib - Guru Tegh Bahadur, PU Patiala ,1976, p.295-313.

3. Parmu R K- A History of Sikh Rule in Kashmir, Srinagar, 1977, p. 299-313.

4. ਸੇਵਾ ਸਿੰਘ - ਸ਼ਹੀਦ ਬਿਲਾਸ, ਲੁਧਿਆਣਾ, 2007, ਅੰਕ 60.

5. ਚੋਣਵੀਂ ਬਾਣੀ ਦਸਮ ਗ੍ਰੰਥ (ਸੰਪ. ਲਾਲ ਸਿੰਘ), ਪੰਜਾਬੀ ਯੂਨੀਵਰਸਿਟੀ, ਪਟਿਆਲਾ, ਅੰਕ 309.

6. ਬਚਿਤ੍ਰ ਨਾਟਕ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 2006, ਅੰਕ 58-59,

7. ਗੁਰੂ ਕੀਆਂ ਸਾਖੀਆਂ, ਕ੍ਰਿਤ ਭਾਈ ਸਰੂਪ ਸਿੰਘ ਕੌਸ਼ਿਸ਼ (ਸੰ: ਪਿਆਰਾ ਸਿੰਘ ਪਦਮ), 1991,ਅੰਕ 79.

8. Gandhi Surjeet Singh –*History of the Sikh Gurus*, Delhi, 1978, P. 233).

****

<u>**Note**</u> : The second part of this Article will be published in the **October 2025** of ***Sanjhi Virasat.***

ਧਰਤੀ ਦੀ ਧੀ – ਸਾਕਸ਼ੀ ਸਾਹਨੀ (**ਸਰੀ ਨਿਊਜ਼** ਤੋਂ)

ਲੇਖਕ : ਸਰਦਾਰ ਵਰਿਆਮ ਸਿੰਘ ਸੰਧੂ

(ਲੇਖ ਅਤੇ ਤਸਵੀਰ "ਸਰੀ ਨਿਊਜ਼" ਸਤੰਬਰ 3, 2025, ਤੋਂ ਧੰਨਵਾਦ ਸਹਿਤ)

ਪੰਜਾਬ ਪਾਣੀ ਵਿੱਚ ਡੁੱਬਿਆ ਪਿਆ ਹੈ। ਧਰਤੀ ਦੇ ਪੁੱਤਰ ਲੋੜੀਂਦੇ ਸਮਾਨ ਤੇ ਰਾਸ਼ਨ ਦੀਆਂ ਟਰਾਲੀਆਂ ਭਰ ਕੇ ਜੈਕਾਰੇ ਬੁਲਾਉਂਦੇ, ਡੁੱਬੇ ਪੰਜਾਬ ਦੀ ਬਾਂਹ ਫੜਨ ਲਈ ਦਿਨ-ਰਾਤ ਜੂਝ ਰਹੇ ਨੇ।ਪਰ ਮੈਂ ਏਥੇ ਧਰਤੀ ਦੀ ਧੀ ਅੰਬਰਸਰ ਦੀ ਡਿਪਟੀ ਕਮਿਸ਼ਨਰ ਬੀਬੀ ਸਾਕਸ਼ੀ ਸਾਹਨੀ ਦੀ ਗੱਲ ਕਰਨੀ ਹੈ।

ਮੈਂ ਕੌਣ ਹਾਂ! ਉਹਦੀ ਗੱਲ ਤਾਂ, ਡੁੱਲ੍ਹ ਡੁੱਲ੍ਹ ਪੈਂਦੀ ਮੁਹੱਬਤ ਨਾਲ, ਹਰ ਇੱਕ ਪੰਜਾਬੀ ਕਰ ਰਿਹਾ ਹੈ।

ਮੇਰਾ ਪਾਠਕ ਕਹਿੰਦਾ ਹੈ, "ਇਸ ਡੀ ਸੀ ਭੈਣ ਲਈ ਸੌ ਸਫ਼ੇ ਦੀ ਕਹਾਣੀ ਲਿਖਣ ਨੂੰ ਜੀ ਕਰਦਾ ਹੈ!"

ਉਹਦੀ ਕਹਾਣੀ ਤਾਂ ਘਰ ਘਰ ਪਾਈ ਜਾ ਰਹੀ ਹੈ। ਅਸਾਂ ਉਹਦੀ ਕਹਾਣੀ ਕੀ ਲਿਖਣੀ ਹੈ!

ਉਹ ਤਾਂ ਖ਼ੁਦ-ਬ-ਖ਼ੁਦ ਪਾਣੀਆਂ 'ਚ ਤੁਰੀ ਫਿਰਦੀ ਕਵਿਤਾ ਹੈ।

ਸਾਕਸ਼ੀ ਸਾਹਨੀ—ਇੱਕ ਨਾਂ ਨਹੀਂ, ਇੱਕ ਜਜ਼ਬਾ ਹੈ। ਸਾਕਸ਼ੀ ਸਾਹਨੀ—ਨਾਮ ਜਿਵੇਂ ਚਾਨਣ ਦੀ ਲਕੀਰ ਹੋਵੇ!

ਜਿਸ ਨੇ ਅਹੁਦੇ ਨੂੰ ਨਹੀਂ, ਇਨਸਾਨੀਅਤ ਨੂੰ ਨਵੀਂ ਪਛਾਣ ਦਿੱਤੀ ਹੈ। ਪਾਣੀ 'ਚ ਜਦ ਲੋਕ ਡੁੱਬ ਰਹੇ ਹਨ, ਸਾਕਸ਼ੀ ਨੇ ਆਪਣੇ ਹੱਥਾਂ ਨਾਲ ਉਮੀਦਾਂ ਦੇ ਚਿਰਾਗ ਬਾਲੇ ਹਨ।

ਨਾ ਥਕਾਵਟ, ਨਾ ਡਰ, ਨਾ ਹੌਲੀ ਚਾਲ, ਉਹਦੀ ਸੇਵਾ ਲੋਕਾਂ ਲਈ ਰੱਖਿਆ ਦੀ ਢਾਲ ਬਣ ਗਈ।

ਉਹ ਕਾਲਾ ਰੇਨ ਕੋਟ ਪਹਿਨੀ, ਗੋਡੇ ਗੋਡੇ ਪਾਣੀ ਵਿੱਚ 'ਛੜੱਪ! ਛੜੱਪ!'ਆਪਣੀ ਟੀਮ ਦੇ ਅੱਗੇ ਅੱਗੇ ਤੇਜ਼ ਕਦਮੀ ਇੰਝ ਤੁਰੀ ਜਾਂਦੀ ਹੈ, ਜਿਵੇਂ ਕੋਈ ਫੌਜੀ ਜਰਨੈਲ ਆਪਣੀਆਂ ਫੌਜਾਂ ਦੀ ਅਗਵਾਈ ਕਰਦਾ ਜੰਗ ਦੇ ਮੁਹਾਜ ਵੱਲ ਵਧ ਰਿਹਾ ਹੋਵੇ!

ਵੱਡੇ ਟਾਇਰਾਂ ਵਾਲੇ ਟਰੈਕਟਰ 'ਤੇ ਹੜ੍ਹ ਪੀੜਤਾਂ ਨੂੰ ਪਾਣੀ ਵਿਚੋਂ ਕੱਢਣ ਲਈ ਪਾਣੀ ਵਿੱਚ ਠਿੱਲ੍ਹਦੀ ਹੈ ਤਾਂ ਉਹ ਲੋਕ-ਧਾਰਨਾ ਚੇਤੇ ਆਉਂਦੀ ਹੈ, 'ਸਾਡੇ ਗੁਰਾਂ ਨੇ ਜਹਾਜ਼ ਬਣਾਇਆ, ਆ ਜੋ ਜੀਹਨੇ ਪਾਰ ਲੰਘਣਾ!"

ਗੁਰੂ ਨਾਨਕ ਸੱਚੇ ਪਾਤਸ਼ਾਹ ਨੇ ਆਪਣੀ ਧੀ ਨੂੰ ਬੇੜੇ ਦੀ ਮਲਾਹ ਬਣਾ ਕੇ ਪਾਣੀ ਵਿੱਚ ਠੇਲ੍ਹ ਦਿੱਤਾ ਹੈ।

ਡੂੰਘੇ ਪਾਣੀਆਂ ਨੂੰ ਚੀਰਦੇ ਜਾਂਦੇ ਟਰੈਕਟਰ ਤੇ ਬੈਠੀ ਸਾਕਸ਼ੀ ਸਾਹਨੀ ਇੰਝ ਲੱਗਦੀ ਹੈ ਜਿਵੇਂ ਮਾਈ ਭਾਗੋ ਦੀ ਨਿੱਕੀ ਭੈਣ ਖ਼ਿਦਰਾਣੇ ਦੀ ਢਾਬ 'ਤੇ ਖੰਡਾ ਖੜਕਾਉਣ ਲਈ ਪਹੁੰਚ ਗਈ ਹੈ।

ਉਹ ਪਾਣੀ ਵਿਚ ਘਿਰੇ ਬਜ਼ੁਰਗ ਕਿਸਾਨ ਨੂੰ ਕਹਿ ਰਹੀ ਹੈ, "ਆ ਜੋ ਨਾ! ਤੁਹਾਡੇ ਘਰ ਨੂੰ ਕੁਝ ਨਹੀਂ ਹੁੰਦਾ! ਤੁਸੀਂ ਨਹੀਂ ਆਉਣਾ ਤਾਂ ਘਰ ਵਿਚ ਜੋ ਔਰਤਾਂ ਨੇ ਉਹਨਾਂ ਨੂੰ ਭੇਜ ਦਿਉ। ਮੈਡੀਸਨ ਚਾਹੀਦੀ ਤਾਂ ਸਾਨੂੰ ਦੱਸੋ।"

ਬਜ਼ੁਰਗ ਉਹਦੀ ਪੇਸ਼ਕਸ਼ ਨੂੰ ਬੇਧਿਆਨਾ ਕਰ ਕੇ ਕਹਿੰਦਾ ਹੈ, "ਮੈਂ ਇਹੋ ਜਿਹੀ ਔਰਤ ਵੇਖੀ ਹੀ ਨਹੀਂ ਅੱਜ ਤੱਕ!"

ਹਰੇਕ ਪੰਜਾਬੀ ਉਸ ਬਜ਼ੁਰਗ ਕਿਸਾਨ ਨਾਲ ਮਿਲ ਕੇ ਉਹਦੇ ਸਿਰ 'ਤੇ ਬਾਬਲ ਵਾਲਾ ਹੱਥ ਧਰਨਾ ਲੋਚਦਾ ਹੈ।

ਸਾਕਸ਼ੀ ਬਜ਼ੁਰਗ ਔਰਤ ਨੂੰ ਪਾਣੀ ਦਾ ਡੱਬਾ ਤੇ ਬਲੱਡ ਪ੍ਰੈਸ਼ਰ ਦੀ ਦਵਾਈ ਫੜਾਉਣ ਲੱਗਦੀ ਹੈ ਤਾਂ ਬਜ਼ੁਰਗ਼ ਮਾਂ ਉਹਨੂੰ ਛਾਤੀ ਨਾਲ ਘੁੱਟ ਲੈਂਦੀ ਹੈ। ਇੰਝ ਲੱਗਦਾ ਹੈ ਜਿਵੇਂ ਧਰਤੀ ਨੇ ਆਪਣੀ ਧੀ ਨੂੰ ਗਲਵੱਕੜੀ ਵਿੱਚ ਘੁੱਟ ਲਿਆ ਹੋਵੇ। ਮੈਂ ਪਾਣੀ ਭਰੀਆਂ ਅੱਖਾਂ ਨਾਲ ਦੋਵਾਂ ਮਾਵਾਂ-ਧੀਆਂ ਦੁਆਲੇ ਆਪਣੀਆਂ ਬਾਹਵਾਂ ਵਲ਼ ਕੇ ਉਹਨਾਂ ਨੂੰ ਆਪਣੀ ਗਲਵੱਕੜੀ ਵਿੱਚ ਕੱਸ ਲੈਂਦਾ ਹਾਂ। ਉਹਨਾਂ ਪਲਾਂ ਨੂੰ ਯਾਦ ਕਰਦਿਆਂ ਸਾਕਸ਼ੀ ਕਹਿੰਦੀ ਹੈ,"ਉਹਨਾਂ ਦੀ ਗਲਵੱਕੜੀ ਵਿਚਲਾ ਪਿਆਰ ਮੈਨੂੰ ਸਦਾ ਯਾਦ ਰਹੇਗਾ!"

ਸਾਕਸ਼ੀ ਧੀਏ! ਤੇਰਾ ਸਮਰਪਣ ਵੀ ਲੋਕਾਂ ਨੂੰ ਸਦਾ ਯਾਦ ਰਹੇਗਾ।

ਸਾਕਸ਼ੀ ਕਿਸੇ ਸਰਕਾਰ ਜਾਂ ਪਾਰਟੀ ਦੀ ਨੁਮਾਇੰਦਾ ਨਾ ਹੋ ਕੇ ਬੰਦੇ ਅੰਦਰਲੀ ਬੰਦਿਆਈ ਦੀ ਪ੍ਰਤੀਨਿਧ ਬਣ ਕੇ ਲੋਕਾਂ ਦੀ ਮੁਹੱਬਤ ਦੀ ਪਾਤਰ ਬਣੀ ਹੈ। ਜਦ ਦਫ਼ਤਰਾਂ ਦੇ ਦਰਵਾਜ਼ੇ ਬੰਦ ਹੋ ਜਾਂਦੇ ਨੇ, ਉਹ ਰਾਤਾਂ ਨੂੰ ਵੀ ਮੈਦਾਨ 'ਚ, ਲੋਕਾਂ ਦੀ ਖਾਤਰ ਖੜੀ ਰਹੀ। ਸਿਰਫ਼ ਅਹੁਦੇ ਦਾ ਨਹੀਂ, ਇਨਸਾਨੀ ਬੁਲੰਦੀ ਦਾ ਜਲੌਅ ਬਣ ਕੇ ਲਿਸ਼ਕੀ।

ਉਸ ਨੇ ਔਰਤ ਹੋਣ ਦੇ ਮਾਪਦੰਡ ਨੂੰ ਨਵਾਂ ਰੂਪ ਦਿੱਤਾ। ਅਫ਼ਸਰ ਬਣ ਕੇ ਨਹੀਂ। ਇੱਕ ਮਾਂ ਵਾਂਗ, ਵੱਡੀ/ ਛੋਟੀ ਭੈਣ ਵਾਂਗ ਲੋਕਾਂ ਨੂੰ ਸੰਭਾਲਿਆ, ਪਿਆਰ ਦਿੱਤਾ। ਉਹ ਸਿਰਫ਼ ਇੱਕ ਨਾਂ ਨਹੀਂ, ਇੱਕ ਪ੍ਰੇਰਣਾ ਦੀ ਲਹਿਰ ਬਣ ਕੇ ਛਲਕੀ ਹੈ।

ਉਹ ਸਿਰਫ਼ ਇੱਕ ਅਧਿਕਾਰੀ ਨਹੀਂ,
ਸਮਾਜ ਦੀ ਧੜਕਣ, ਲੋਕਾਂ ਦੀ ਆਸ ਹੈ।
ਲੱਖਾਂ ਹੱਥ ਉਹਦੇ ਸਿਰ ’ਤੇ ਪਿਆਰ ਦੇਣ ਲਈ ਉੱਲਰ ਆਏ ਹਨ।

ਜੁਗ ਜੁਗ ਜੀਵੇ ਸਾਡੀ ਰਾਣੀ ਧੀ, ‘ਧਰਤੀ ਦੀ ਧੀ’!

ਅਜਿਹੀਆਂ ਧੀਆਂ ਘਰ ਘਰ ਵਿਚ ਜੰਮਣ।
(ਲੇਖਕ : ਸਰਦਾਰ ਵਰਿਆਮ ਸਿੰਘ ਸੰਧੂ)

A Note about Sakshi Sawhney, IAS.

(Prof Dr Surjit Singh Bhatti)

Sakshi Sawhney, IAS, is the First Lady Deputy Commissioner of Amritsar. Today she has been widely praised for her compassionate and exemplary leadership during the recent unprecedented floods in the whole province.

She has a distinguished academic andservice record and held All India Rank 6 (UPSC CSE 2013), after BA LLB from NALSAR University of Law, Hyderabad, where she Graduated with *eight gold medals* in law.

Her father is a Retired IRS officer and mother is School Principal. Sakshi had managed flood relief in Patiala also during 2023 floods.

In Amritsar District, she personally visited flood-hit villages to assess damage and coordinate relief, worked closely with Army, NDRF, and SDRF for evacuations and aid distribution, set up control rooms, relief camps, and medical support systems in affected areas and earned heartfelt gratitude from the people.

Her story is a powerful example empathy and excellence in public service. Her hands-on approach during the crisis has made her a beacon of hope for thousands.

Sanjhi Virasat’s Editorial Board and Readers place on record their Appreciation of Sakshi Sawhnney’s tremendous work.

ਇੱਕ ਕਿਰਤੀ ਗੁਰਸਿੱਖ - ਭਾਈ ਲਾਲੋ

ਸਰਦਾਰ ਜਸਵਿੰਦਰ ਸਿੰਘ 'ਰੁਪਾਲ', ਕੈਲਗਰੀ (ਕੈਨੇਡਾ) - 9814715796

ਸ੍ਰ. ਜਸਵਿੰਦਰ ਸਿੰਘ ਰੁਪਾਲ

ਭਾਈ ਲਾਲੋ ਜੀ ਅਣਵੰਡੇ ਪੰਜਾਬ ਦੇ ਪਿੰਡ ਸੈਦਪੁਰ, ਐਮਨਾਬਾਦ ਜਿਲਾ ਗੁਜਰਾਂਵਾਲਾ ਦੇ ਰਹਿਣ ਵਾਲੇ ਸਨ। ਆਪ ਦਾ ਜਨਮ 1452 ਈਸਵੀ ਨੂੰ ਪਿਤਾ ਸ੍ਰੀ ਜਗਤ ਰਾਮ ਦੇ ਘਰ ਮਾਤਾ ਖੇਮੋ ਦੇ ਘਰ 11 ਅੱਸੂ ਨੂੰ ਹੋਇਆ। ਆਪ ਜੀ ਦੇ ਇੱਕ ਪੁੱਤਰੀ ਬੀਬੀ ਰੱਜੀ ਦਾ ਜਿਕਰ ਮਿਲਦਾ ਹੈ ਜਿਸ ਦੀ ਔਲਾਦ ਪਿੰਡ ਤਤਲਾ ਜਿਲਾ ਗੁਜਰਾਂਵਾਲਾ ਵਿੱਚ ਵੱਸਦੀ ਹੈ। ਭਾਈ ਲਾਲੋ ਜੀਂ ਤਰਖਾਣਾ ਕੰਮ ਕਰਦੇ ਸਨ। ਆਪ ਸ਼ਾਂਤ ਸੁਭਾਅ ਦੇ, ਪਰਮਾਤਮਾ ਤੋਂ ਡਰਨ ਵਾਲੇ, ਇਮਾਨਦਾਰੀ ਦੀ ਕਿਰਤ ਕਰਨ ਵਾਲੇ, ਸਾਧੂ ਸੰਤਾਂ ਦਾ ਸਤਿਕਾਰ ਕਰਨ ਵਾਲੇ ਅਤੇ ਸੰਤੋਖੀ ਬਿਰਤੀ ਦੇ ਸਨ । ਉਹ ਆਪਣੇ ਕੰਮ ਦੇ ਨਾਲ ਨਾਲ ਹਕੀਮੀ ਵੀ ਕਰਦੇ ਸਨ ਪਰ ਇਹ ਉਹ ਸਿਰਫ ਸੇਵਾ ਭਾਵ ਨਾਲ ਹੀ ਕਰਦੇ ਸਨ। ਕਿਸੇ ਤੋਂ ਵੀ ਦਵਾਈ ਦੇ ਇਵਜ਼ ਵਿੱਚ ਕੁਝ ਨਹੀਂ ਸੀ ਲੈਂਦੇ। ਪਿੰਡ ਵਿੱਚ ਹਰੇਕ ਦਾ ਉਹ ਸਤਿਕਾਰ ਕਰਦੇ ਸਨ, ਲੋੜਵੰਦਾਂ ਦੀ ਮੱਦਦ ਕਰਦੇ ਸਨ ਅਤੇ ਇੱਕ ਮਿਹਨਤੀ ਅਤੇ ਇਮਾਨਦਾਰ ਇਨਸਾਨ ਵਜੋਂ ਪਿੰਡ ਵਿੱਚ ਉਹਨਾਂ ਦੀ ਕਾਫੀ ਇੱਜਤ ਸੀ।

ਸੰਸਾਰ ਜੇ ਅੱਜ ਭਾਈ ਲਾਲੋ ਜੀਂ ਦਾ ਨਾਮ ਜਾਣਦਾ ਹੈ ਤਾਂ ਸਿਰਫ ਗੁਰੂ ਨਾਨਕ ਦੇਵ ਜੀ ਕਰਕੇ। ਗੁਰੂ ਨਾਨਕ ਭਾਈ ਲਾਲੋ ਕੋਲ ਜ਼ਾ ਕੇ ਰੁਕੇ ਵੀ ਸਨ ਅਤੇ ਉਹਨਾਂ ਨੇ ਭਾਈ ਲਾਲੋ ਦੀ ਕਿਰਤ ਦਾ ਪੂਰਾ ਸਤਿਕਾਰ ਕੀਤਾ। ਪ੍ਰੋ. ਸਾਹਿਬ ਸਿੰਘ ਅਨੁਸਾਰ ਗੁਰੂ ਨਾਨਕ ਨੇ ਆਪਣੀ ਪਹਿਲੀ ਉਦਾਸੀ ਸੁਲਤਾਨਪੁਰ ਲੋਧੀ ਤੋਂ 1507 ਈਸਵੀ ਵਿੱਚ ਪੂਰਬ ਵੱਲ ਆਰੰਭ ਕੀਤੀ ਸੀ। ਰਬਾਬੀ ਭਾਈ ਮਰਦਾਨਾ ਉਹਨਾਂ ਦੇ ਨਾਲ ਸੀ । ਇਸ ਦੌਰਾਨ ਆਪ ਜੀ ਨੇ ਹਿੰਦੂ ਤੀਰਥਾਂ ਹਰਿਦੁਆਰ, ਗੋਰਖ ਮਤਾ, ਅਯੁੱਧਿਆ, ਪ੍ਰਯਾਗ,ਬਨਾਰਸ, ਜਗਣਨਾਥਪੁਰੀ, ਮਦੁਰਾਈ, ਰਮੇਸ਼੍ਵਰਮ, ਸੋਮਨਾਥ ਦਵਾਰਿਕਾ, ਪੁਸ਼ਕਰ ਮਥਰਾ ਬਿੰਦਰਾਬਨ ਅਤੇ ਕੁਰੂਕਸ਼ੇਤਰ ਤੋਂ ਸਿੰਗਲਦੀਪ, ਸਿੱਕਮ, ਅਸਾਮ, ਬੰਗਾਲ ਉੜੀਸਾ, ਬੰਬਈ ਔਰੰਗਾਬਾਦ ਉਜੈਨ, ਕੱਛ ਅਜਮੇਰ ਦੀ ਯਾਤਰਾ ਕੀਤੀ । ਇਸ ਦੌਰਾਨ ਗੁਰੂ ਜੀ ਭਾਈ ਲਾਲੋ ਦੇ ਘਰ ਕੁਝ ਦਿਨ ਰੁਕੇ।

ਗੁਰੂ ਨਾਨਕ ਆਪਣੀ ਤੀਸਰੀ ਉਦਾਸੀ ਸਮੇਂ (1517-1521) ਦੂਸਰੀ ਵਾਰ ਭਾਈ ਲਾਲੋ ਦੇ ਘਰ ਆਏ। ਇਸੇ ਸਮੇਂ 1520 ਵਿਚ ਬਾਬਰ ਨੇ ਭਾਰਤ ਤੇ ਪਹਿਲਾ ਹਮਲਾ ਕੀਤਾ ਸੀ। ਜਿਸ ਵਿਚ ਭੇਰਾ, ਸਿਆਲਕੋਟ ਅਤੇ ਸੈਦਪੁਰ ਕਬਜੇ ਵਿੱਚ ਲੈ ਲਏ ਸਨ। ਪ੍ਰਿੰ. ਸਤਿਬੀਰ ਸਿੰਘ ਆਪਣੀ ਪੁਸਤਕ 'ਬਲਿਓ ਚਿਰਾਗ' ਵਿੱਚ ਲਿਖਦੇ ਹਨ ਕਿ ਗੁਰੂ ਨਾਨਕ ਜੀ ਨੇ ਸੈਦਪੁਰ ਆਪਣਾ ਡੇਰਾ ਪਿੰਡ ਤੋਂ ਬਾਹਰ ਲਗਾਇਆ।

ਗੁਰੂ ਨਾਨਕ ਭਾਈ ਲਾਲੋ ਦੇ ਘਰ ਗਏ ਤਾਂ ਉਹ ਕਿੱਲੇ ਘੜ ਰਿਹਾ ਸੀ। ਬਾਬੇ ਕਿਹਾ, "ਕਿੱਲੇ ਹੀ ਘੜੀ ਜਾਏਂਗਾ ਜਾਂ ਮਨ ਨੂੰ ਵੀ ਘੜ੍ਹੇਗਾ ? ਭਾਈ ਲਾਲੋ ਗੱਲ ਸਮਝ ਗਏ। ਉਹਨਾਂ 'ਸ਼ਬਦ' ਨਾਲ ਆਪਣੇ ਮਨ ਦੀ ਘਾੜਤ ਘੜਨੀ ਆਰੰਭ ਕੀਤੀ।

ਉਸ ਸਮੇਂ ਜਾਤ ਪਾਤ ਅਤੇ ਛੂਤ ਛਾਤ ਦਾ ਬੋਲ ਬਾਲਾ ਹੈ ਸੀ। ਭਾਈ ਲਾਲੋ ਨੇ ਗੁਰੂ ਨਾਨਕ ਨੂੰ ਖਾਣਾ ਪੂਰੀ ਸ਼ੁੱਧਤਾ ਨਾਲ ਤਿਆਰ ਕਰਵਾਇਆ। ਗੁਰੂ ਸਾਹਿਬ ਨੂੰ ਕਿਹਾ,"ਚੌਂਕੇ ਵਿੱਚ ਚੱਲੋ ਅਤੇ ਭੋਜਨ ਪਾਓ।" ਕਿਉਂਕਿ ਚੌਂਕਾ ਸੁੱਚਾ ਕੀਤਾ ਗਿਆ ਸੀ। ਗੁਰੂ ਨਾਨਕ ਬੋਲੇ "ਲਾਲੋ ! ਸਾਰੀ ਧਰਤੀ ਹੀ ਚੌਂਕਾ ਹੈ। ਸੱਚ ਵਿੱਚ ਰੱਤਿਆਂ ਸੁੱਚ ਹੋ ਜਾਂਦੀ ਹੈ। ਤੂੰ ਭੋਜਨ ਇੱਥੇ ਹੀ ਲੈ ਆ।" ਤਦ ਭਾਈ ਲਾਲੋ ਕੋਧਰੇ ਦੀ ਰੋਟੀ ਅਤੇ ਸਾਗ ਲੈ ਆਏ ਜਿਸ ਵਿਚੋਂ ਬਾਬੇ ਨੂੰ ਅੰਮ੍ਰਿਤ ਵਰਗਾ ਸਵਾਦ ਆਇਆ।

ਜਨਮ ਸਾਖੀ ਸਾਹਿਤ ਅਨੁਸਾਰ ਸੈਦਪੁਰ ਦੇ ਸ਼ਾਸ਼ਕ ਜਾਲਿਮ ਖਾਨ ਦੇ ਇੱਕ ਰਿਸ਼ਵਤਖੋਰ ਅਹਿਲਕਾਰ ਮਲਕ ਭਾਗੋ ਨੇ ਬੇਈਮਾਨੀ ਕਰ ਕੇ ਦੌਲਤ ਇਕੱਠੀ ਕੀਤੀ ਹੋਈ ਸੀ। ਉਸ ਨੇ ਆਪਣੇ ਮਾਪਿਆਂ ਦੇ ਸਰਾਧ ਤੇ ਵੱਡਾ ਭੋਜ ਕੀਤਾ ਜਿਸ ਵਿਚ ਗੁਰੂ ਨਾਨਕ ਕੋਲ ਵੀ ਸੱਦਾ ਭੇਜਿਆ। ਉਹਨਾਂ ਨੇ ਇਨਕਾਰ ਕਰ ਦਿੱਤਾ ਕਿ ਅਸੀਂ ਇੱਥੇ ਭਾਈ ਲਾਲੋ ਕੋਲ ਖੁਸ਼ ਹਾਂ। ਗੁਰੂ ਜੀ ਨੇ ਕਿਹਾ ਇਮਾਨਦਾਰੀ ਨਾਲ ਕਿਰਤ ਕਰ ਕੇ ਕਮਾਈ ਰੋਟੀ ਖਾਧੀ ਨਾਲ ਭਜਨ ਬੰਦਗੀ ਵਿੱਚ ਮਨ ਟਿਕਦਾ ਹੈ। ਕਈ ਔਖੇ ਹੋਏ ਕਿ ਗੁਰੂ ਜੀ ਨੇ ਕਥਿਤ ਨੀਵੀਂ ਜਾਤ ਵਾਲੇ ਨੂੰ ਮਾਣ ਦਿੱਤਾ ਹੈ। ਉਹਨਾਂ ਨੇ ਮਲਕ ਭਾਗੋ ਕੋਲ ਗੁਰੂ ਜੀ ਦਾ ਵਿਰੋਧ ਕੀਤਾ। ਮਲਕ ਭਾਗੋ ਦੀ ਹਉਮੈ ਹੋਰ ਵਧ ਗਈ ਅਤੇ ਉਸਨੇ ਕੁਝ ਅਹਿਲਕਾਰ ਗੁਰੂ ਜੀ ਨੂੰ ਲੈ ਕੇ ਆਉਣ ਲਈ ਭੇਜੇ। ਗੁਰੂ ਜੀ ਉਹਨਾਂ ਨਾਲ ਚੱਲ ਪਏ। ਮਲਕ ਭਾਗੋ ਦੇ ਪੁੱਛਣ ਤੇ ਬਾਬੇ ਨੇ ਕਿਹਾ ਕਿ ਤੇਰੀ ਕਿਰਤ ਇਮਾਨਦਾਰੀ ਦੀ ਨਹੀਂ ਹੈ। ਤੂੰ ਲੋਕਾਂ ਨੂੰ ਲੁੱਟਦਾ ਹੈਂ। ਤੇਰੇ ਖਾਣੇ ਵਿੱਚ ਕਿਰਤੀਆਂ ਦਾ ਖੂਨ ਹੈ। ਭਾਈ ਲਾਲੋ ਦੀ ਇਮਾਨਦਾਰੀ ਦੀ ਕੀਤੀ ਕਮਾਈ ਵਾਲੇ ਸਾਦੇ ਖਾਣੇ ਵਿਚੋਂ ਵੀ ਦੁੱਧ ਦੇ ਅੰਮ੍ਰਿਤ ਦਾ ਸੁਆਦ ਆਉਂਦਾ ਹੈ। ਗੁਰੂ ਜੀ ਨੇ ਇੱਕ ਹੱਥ ਵਿਚ ਮਲਕ ਭਾਗੋ ਦੀ ਪੂੜੀ ਅਤੇ ਦੂਸਰੇ ਵਿਚ ਭਾਈ ਲਾਲੋ ਦੀ ਕੋਧਰੇ ਦੀ ਰੋਟੀ ਲੈ ਕੇ ਨਿਚੋੜੀ। ਪੂੜੀ ਵਿਚੋਂ ਖੂਨ ਅਤੇ ਕੋਧਰੇ ਦੀ ਰੋਟੀ ਵਿਚੋਂ ਦੁੱਧ ਚੋਇਆ। ਐਨੇ ਸਪਸ਼ਟ ਸ਼ਬਦਾਂ ਵਿੱਚ ਇਹ ਸੱਚੇ ਬੋਲ ਸੁਣ ਕੇ ਉਹ ਧੁਰ ਅੰਦਰੋਂ ਕੰਬ ਗਿਆ। ਜਦੋਂ ਗੁਰੂ ਬਾਬੇ ਨੇ ਹੋਰ ਵਿਸਥਾਰ ਵਿੱਚ ਸਮਝਾਇਆ ਕਿ ਇਸ ਤਰਾਂ ਨਾਲ ਉਹ ਕਿੰਨਾ ਵੱਡਾ ਗੁਨਾਹ ਕਰ ਰਿਹਾ ਹੈ। ਕਿੰਨੀਆਂ ਬਦ ਅਸੀਸਾਂ ਲੈ ਰਿਹਾ ਹੈ, ਤਾਂ ਉਸਨੇ ਗੁਰੂ ਨਾਨਕ ਤੋਂ ਮੁਆਫ਼ੀ ਮੰਗੀ। ਇਸ ਤਰਾਂ ਸੁੱਚੀ ਕਿਰਤ ਨੂੰ ਮਾਣ ਮਿਲਿਆ ਭਾਈ ਲਾਲੋ ਧੰਨ ਹੋ ਗਿਆ।

ਬਾਬਰ ਦੇ ਹਮਲੇ ਬਾਰੇ ਗੁਰੂ ਨਾਨਕ ਸਾਹਿਬ ਨੇ ਜੋ ਸ਼ਬਦ ਉਚਾਰੇ ਉਹ ਬਾਬਰਬਾਣੀ ਦੇ ਨਾਮ ਨਾਲ ਪ੍ਰਸਿੱਧ ਹਨ। ਗੁਰੂ ਸਾਹਿਬ ਦੇ ਉਹ ਚਾਰ ਸ਼ਬਦ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਹਨ।

* ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨ ਵੇ ਲਾਲੋ॥(ਪੰਨਾ ੭੨੨, ਤਿਲੰਗ ਮ ੧)

* ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ॥ (ਪੰਨਾ ੩੬੦,ਆਸਾ ਮਹਲਾ ੧)

* ਜਿਨਿ ਸਿਰਿ ਸੋਹਨਿ ਪਟੀਆ ਮਾਂਗੀ ਪਾਇ ਸੰਧੂਰੁ॥ (ਪੰਨਾ ੪੧੭, ਰਾਗੁ ਆਸਾ ਮਹਲਾ ੧ ਅਸਟਪਦੀਆ ਘਰੁ ੩)

* ਕਹਾ ਸੁ ਖੇਲ ਤਬੇਲਾ ਘੋੜੇ ਕਹਾ ਭੇਰੀ ਸਹਨਾਈ ॥(ਪੰਨਾ ੪੧੭, ਰਾਗੁ ਆਸਾ ਮਹਲਾ ੧ ਅਸਟਪਦੀਆ, ਘਰੁ ੩)

ਪਹਿਲੇ ਸ਼ਬਦ ਵਿਚ ਭਾਈ ਲਾਲੋ ਨੂੰ ਸਿੱਧਾ ਸੰਬੋਧਨ ਹੈ। ਬਾਕੀ ਦੇ ਸ਼ਬਦ ਵੀ ਇਸੇ ਸਮੇਂ ਦੇ ਹਨ। ਪਹਿਲੇ ਸ਼ਬਦ ਵਿਚ ਗੁਰੂ ਨਾਨਕ ਸਾਹਿਬ ਬਾਬਰ ਨੂੰ ਪਾਪ ਕੀ ਜੰਞ ਲੈ ਕੇ ਆਉਣ ਵਾਲਾ ਆਖ ਰਹੇ ਹਨ। ਜਿਹੜਾ ਧੱਕੇ ਨਾਲ ਇਸ ਮਾਤਰ ਭੂਮੀ ਦੇ ਖਜ਼ਾਨੇ ਦੀ ਮੰਗ ਕਰਦਾ ਹੈ। ਗੁਰੂ ਨਾਨਕ ਭਾਈ ਲਾਲੋ ਨਾਲ ਬਾਬਰ ਦੇ ਜ਼ੁਲਮ ਦੀ ਗੱਲ ਕਰਦੇ ਹਨ ਅਤੇ ਆਖਦੇ ਹਨ ਕਿ ਸੱਚ ਬੋਲਣ ਦੇ ਸਮੇ ਨਾਨਕ ਸੱਚ ਦੇ ਬਚਨ ਸੁਣਾਉਂਦਾ ਹੈ। ਗੁਰੂ ਨਾਨਕ ਦੇ ਇਹ ਸ਼ਬਦ ਜ਼ੁਲਮ ਵਿਰੁੱਧ ਆਵਾਜ਼ ਉਠਾਉਣ ਵਾਲੇ ਹਨ। ਉਹ ਭਾਈ ਲਾਲੋ ਨੂੰ ਸਾਰੀ ਸਚਾਈ ਦੱਸਦੇ ਹੋਏ ਉਸਦੇ ਰਾਹੀਂ ਆਪਣੇ ਸਿੱਖਾਂ ਨੂੰ ਜ਼ੁਲਮ ਵਿਰੁੱਧ ਆਵਾਜ਼ ਉਠਾਉਣ ਦੀ ਪ੍ਰੇਰਨਾ ਕਰਦੇ ਹਨ।

ਭਾਈ ਸਾਹਿਬ ਭਾਈ ਵੀਰ ਸਿੰਘ ਲਿਖਦੇ ਹਨ ਕਿ ਨਵਾਬ ਦਾ ਬੇਟਾ ਬਿਮਾਰ ਹੋ ਗਿਆ। ਕਿਸੇ ਦੇ ਕਹਿਣ ਤੇ ਸਾਰੇ ਫਕੀਰ ਕੈਦ ਕਰ ਲਏ ਕਿ ਬੱਚੇ ਲਈ ਦੁਆ ਕਰੋ। ਮਲਕ ਭਾਗੋ ਜੋ ਅਜੇ ਧੁਰ ਅੰਦਰੋਂ ਹਉਮੈ ਨਹੀਂ ਸੀ ਛੱਡ ਸਕਿਆ ਅਤੇ ਗੁਰੂ ਨਾਨਕ ਦੇ ਉਸਦੇ ਭੋਜਨ ਨੂੰ ਠੁਕਰਾਉਣ ਵਾਲੀ ਗੱਲ ਅਜੇ ਦਿਲ ਤੋਂ ਪੂਰੀ ਤਰਾਂ ਗਈ ਨਹੀਂ ਸੀ, ਕੁਝ ਕੁਝ ਅਪਮਾਨਿਤ ਹੋਇਆ ਵੀ ਮੰਨਦਾ ਸੀ। ਉਸਨੇ ਨਵਾਬ ਨੂੰ ਗੁਰੂ ਨਾਨਕ ਦੀ ਦੱਸ ਪਾਈ ਕਿ ਉਸਨੂੰ ਵੀ ਕੈਦ ਕਰੋ ਅਤੇ ਦੁਆ ਲਈ ਆਖੋ। ਨਵਾਬ ਨੇ ਕੁਝ ਸਿਪਾਹੀ ਗੁਰੂ ਨਾਨਕ ਨੂੰ ਲਿਆਉਣ ਲਈ ਭੇਜ ਦਿੱਤੇ। ਗੁਰੂ ਜੀ ਬੋਲੇ ਕਿ ਖ਼ੈਰ ਜੋਰ ਨਾਲ ਨਹੀਂ ਮਿਲਦੀ ਹੁੰਦੀ। ਜਿਹਨਾਂ ਫਕੀਰਾਂ ਨੂੰ ਜੋਰ ਨਾਲ ਕੈਦ ਕਰ ਰਿਹਾ ਹੈਂ, ਉਹ ਕਿਵੇਂ ਤੇਰੇ ਪੁੱਤ ਲਈ ਖੈਰ ਮੰਗ ਸਕਦੇ ਹਨ। ਨਵਾਬ ਨੂੰ ਪਤਾ ਲੱਗਿਆ, ਸ਼ਰਮਿੰਦਾ ਹੋਇਆ। ਆਪ ਆਇਆ ਬੇਨਤੀ ਕੀਤੀ ਕਿ ਮਿਹਰ ਕਰੋ। ਬਾਬਾ ਜੀ ਦੇ ਕਹਿਣ ਤੇ ਸਾਰੇ ਫਕੀਰ ਛੱਡੇ। ਫੇਰ ਪੁੱਤਰ ਦੇ ਠੀਕ ਹੋਣ ਦੀ ਬੇਨਤੀ ਕੀਤੀ। ਪਹਿਲਾਂ ਤਾਂ ਬਾਬੇ ਇਹੀ ਕਿਹਾ ਕਿ ਹੁਕਮ ਮੰਨਣਾ ਸਿੱਖ। ਜੋ ਦਾਤੇ ਨੂੰ ਮਨਜ਼ੂਰ ਹੈ, ਉਹ ਹੋਣ ਦੇ। ਪਰ ਨਵਾਬ ਤਰਲੇ ਲੈਣ ਲੱਗਿਆ। ਤਾਂ ਗੁਰੂ ਨਾਨਕ ਨੇ ਭਾਈ ਲਾਲੋ ਦੇ ਘਰੋਂ ਜੂਠਾ ਟੁੱਕਰ ਮੰਗਵਾ ਕੇ ਨਵਾਬ ਦੇ ਪੁੱਤਰ ਨੂੰ ਖਵਾਇਆ ਤੇ ਉਹ ਤੰਦਰੁਸਤ ਹੋਇਆ। ਗੁਰੂ ਜੀ ਨੇ ਸਮਦ੍ਰਿਸ਼ਟੀ, ਖਲਕਤ ਨਾਲ ਪਿਆਰ ਅਤੇ ਇਮਾਨਦਾਰੀ ਦੀ ਕਿਰਤ ਕਰਨ ਦਾ ਉਪਦੇਸ਼ ਦੁਹਰਾਇਆ। ਮਲਕ ਭਾਗੋ ਵੀ ਹੁਣ ਧੁਰ ਅੰਦਰੋਂ ਬਦਲ ਗਿਆ ਅਤੇ ਉਸ ਨੇ ਗੁਰੂ ਨਾਨਕ ਜੀ ਤੋਂ ਖਿਮਾ ਮੰਗੀ। ਗੁਰੂ ਸਾਹਿਬ ਨੇ ਸਭ ਨੂੰ ਪਰਮਾਤਮਾ ਦਾ ਨਾਮ ਜਪਣ, ਉਸਦੀ ਲੋਕਾਈ ਨਾਲ ਪਿਆਰ ਕਰਨ ਅਤੇ ਉਹਨਾਂ ਦੀ ਸੇਵਾ ਕਰਨ ਦਾ ਉਪਦੇਸ਼ ਦਿੱਤਾ।

ਭਾਈ ਲਾਲੋ ਉਮਰ ਵਿਚ ਗੁਰੂ ਨਾਨਕ ਜੀ ਤੋਂ ਲੱਗਭੱਗ 17 ਸਾਲ ਵੱਡੇ ਸਨ। ਪਰ ਉਹਨਾਂ ਨੇ ਗੁਰੂ ਨਾਨਕ ਨੂੰ ਗੁਰੂ ਮੰਨ ਕੇ ਉਹਨਾਂ ਦਾ ਉਪਦੇਸ਼ ਗ੍ਰਹਿਣ ਕੀਤਾ। ਗੁਰੂ ਨਾਨਕ ਸਾਹਿਬ ਜਿੱਥੇ ਵੀ ਜਾਂਦੇ ਸਨ, ਸੰਗਤ ਸਥਾਪਿਤ ਕਰਦੇ ਸਨ। ਭਾਈ ਲਾਲੋ ਨੂੰ ਉਸ ਇਲਾਕੇ ਦੀ ਸੰਗਤ ਦਾ ਮੁਖੀ ਥਾਪਿਆ ਗਿਆ। ਜਿੱਥੇ ਉਹਨਾਂ ਨੇ ਗੁਰੂ ਨਾਨਕ ਦੇ ਮੂਲ ਸਿਧਾਂਤ - ਕਿਰਤ ਕਰੋ, ਨਾਮ ਜਪੋ ਅਤੇ ਵੰਡ ਕੇ ਛਕੋ - ਦਾ ਪ੍ਰਚਾਰ ਕੀਤਾ। ਸਨ 1531 ਵਿੱਚ ਪਿੰਡ ਤਤਲਾ ਵਿਖੇ ਗੁਰੂ ਨਾਨਕ ਦਾ ਕਿਰਤੀ ਸਿੱਖ ਇਸ ਸੰਸਾਰ ਨੂੰ ਅਲਵਿਦਾ ਆਖ ਗਿਆ। ਅੱਜ ਸਮੁੱਚੀ ਮਾਨਵਤਾ ਨੂੰ ਉਹਨਾਂ ਦੇ ਇਮਾਨਦਾਰੀ ਨਾਲ ਕਿਰਤ ਕਰਨ ਤੋਂ ਸੇਧ ਲੈਣੀ ਚਾਹੀਦੀ ਹੈ ਅਤੇ ਨਾ ਕਿਸੇ ਨੂੰ ਲੁੱਟਣਾ ਚਾਹੀਦਾ ਹੈ ਅਤੇ ਨਾ ਹੀ ਕਿਸੇ ਨੂੰ ਲੁੱਟਣ ਦੇਣਾ ਚਾਹੀਦਾ ਹੈ।

According to Gurbani, the two main sources of all *sufferings* spring from : (a) human indiscretions and the known (b) powerful natural phenomena beyond our control. Gurbani guides us about the indiscretions..

Lust (*ਕਾਮ*) brings *sufferings* when allowed to transgress the limits of ethics. Social and biological needs of human beings are best fulfilled honorably in a stable family setup.

ਕਾਮੁ ਕ੍ਰੋਧੁ ਪਸਰਿਆ ਸੰਸਾਰੇ ਆਇ ਜਾਇ ਦੁਖੁ ਪਾਵਣਿਆ ॥ SGGS - 129

Anger (*ਕਰੋਧ*) is a reaction to insult that leads to violence. Indiscretion brings bitterness and *sufferings*. However, there can be a decent response. A mistakem under emotional impulse, in a moment of anger, results in *sufferings* that follow for centuries.

ਅਤਿ ਕਰੋਧ ਸਿਉ ਲੂਝਦੇ ਅਗੈ ਪਿਛੈ ਦੁਖੁ ਪਾਵਹਿ ॥ SGGS – 1089 ॥

Greed (*ਲੋਭ*) leads to *suffering* when it crosses all limits for resources for our survival. One should earn honestly and share it, to know the true path.

ਘਾਲਿ ਖਾਇ ਕਿਛੁ ਹਥਹੁ ਦੇਇ ॥
ਨਾਨਕ ਰਾਹੁ ਪਛਾਣਹਿ ਸੇਇ ॥ 1245 ॥

Attachments (*ਮੋਹ*) end up in *suffering*.

ਮਾਇਆ ਮੋਹ ਪਰੀਤਿ ਧ੍ਰਿਗੁ ਸੁਖੀ ਨ ਦੀਸੈ ਕੋਇ ॥

Ego (*ਹੰਕਾਰ*): destroys all one's achievements, resulting in *sufferings.* Self-respect is essential in life and should not be confused with ego.

ਮਨਮੁਖ ਕ ਕਰਮ ਕਰੇ ਅਹੰਕਾਰੀ ਸਭੁ ਦੁਖੋ ਦੁਖੁ ਕਮਾਇ ॥ SGGS- 87

Those who slander others, and worry too much, always dwell in suffering.

ਪਰ ਨਿੰਦਾ ਕਰਹਿ ਬਹੁ ਚਿੰਤਾ ਜਾਲੈ ਦੁਖੇ ਦੁਖਿ ਨਿਵਾਸੀ ਹੇ ॥ SGGS–1048

Consider pleasures and sufferings as Gifts of God and remain unperturbed.

ਕੇਤਿਆ ਦੂਖ ਭੂਖ ਸਦ ਮਾਰ ॥
ਏਹਿ ਭਿ ਦਾਤਿ ਤੇਰੀ ਦਾਤਾਰ ॥ SGGS–5

Suffering is a Medicine, and a passing phase of life.

ਦੁਖੁ ਦਾਰੂ ਸੁਖੁ ਰੋਗ ਭਇਆ ॥ SGGS-469

Book Review (*Author* : Dr D. P. Singh*, Mississauga, ON-Canada)
Science *Fiction* : "Echoes of a Digital Dawn" (Amazon.com)

Dr D P Singh, a Science Writer, has made a collection of 18 Science Fiction stories that navigate the intricate landscapes of Artificial Intelligence (AI), its promises, pitfalls, and paradoxes. Blending cutting-edge technology with timeless human questions, it presents a panoramic view of the trials and triumphs that accompany our relationship with intelligent machines.

From sentient algorithms grappling with ethical dilemmas to AI systems confronting their creators, these stories unfold across diverse worlds and yet remain anchored in the dilemmas of our present. Each narrative probes the soul of progress: What does it mean to build consciousness? Can AI machines develop Empathy and Spirituality, or self-doubt ? And how does humanity change when its creations begin to mirror, challenge, or even surpass it ?

I congratulate Dr D P Singh for having taken the initiative to diligently explain in simple words the complex implications of AI. I wish him more success in his chosen mission. Excelsior !

*Director, Center for Understanding Sikhism, Mississauga, ON, Canada https://philpeople.org/profiles/devinder-pal-singh, https://c4usikhism.com, c4usikhism@gmail.com

Publications Weblinks

1.Profile and List of Research Articles

https://orcid.org/my-orcid?orcid=0000-0002-2962-9967
https://canbridgelearning.academia.edu/DevinderPalSingh/Physics%20Research

2.List of Popular Science Articles

https://www.researchgate.net/profile/Devinder-Singh-4?ev=hdr_xprf
https://canbridgelearning.academia.edu/DevinderPalSingh/Religion%20and%20Science
https://canbridgelearning.academia.edu/DevinderPalSingh/Popular%20Science

3.List of Articles on Sikhism
https://philpeople.org/profiles/devinder-pal-singh
https://www.sikhnet.com/authors/dr-devinder-pal-singh
https://asiasamachar.com/tag/dr-devinder-pal-singh/*List of Books*

*4.: h*ttps://drdpsinghauthor.wordpress.com/

ਇਸ ਅੰਕ ਦੇ ਲੇਖਕਾਂ ਬਾਰੇ ਜਾਣਕਾਰੀ

ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ ਦੇ ਲੇਖ ਅਤੇ ਗੀਤ ਦੁਨੀਆਂ ਭਰ ਵਿੱਚ ਪ੍ਰਸਿੱਧ ਹਨ। ਉਹ 'ਵਿਸ਼ਵ ਪੰਜਾਬੀ ਕਵੀ ਸਭਾ' ਦੇ ਸਕੱਤਰ ਅਤੇ 'ਕੈਲਗਰੀ ਵੂਮੈਨ ਕਲਚਰਲ ਐਸੋਸੀਏਸ਼ਨ' ਦੇ ਜਨਰਲ ਸਕੱਤਰ ਹਨ। ਕਈ ਕਿਤਾਬਾਂ (ਕਵਿਤਾ ਅਤੇ ਵਾਰਤਕ) ਪ੍ਰਕਾਸ਼ਿਤ ਕੀਤੀਆਂ ਹਨ। ਕੈਨੇਡਾ ਤੋਂ ਦੋ ਵਾਰ, ਭਾਰਤ ਅਤੇ ਸਾਹਿਤ ਸਭਾਵਾਂ ਤੋਂ ਕਈ ਵਾਰ ਸਨਮਾਨ ਮਿਲੇ ਹਨ। 'ਭਾਈ ਵੀਰ ਸਿੰਘ' ਅਵਾਰਡ ਵੀ ਮਿਲਿਆ।

ਸਰਦਾਰ ਜਸਵਿੰਦਰ ਸਿੰਘ ਰੂਪਾਲ ਐਮ. ਏ. (ਪੰਜਾਬੀ, ਅੰਗਰੇਜ਼ੀ, ਅਰਥ-ਸ਼ਾਸਤਰ, ਮਨੋ-ਵਿਗਿਆਨ ਅਤੇ ਪੱਤਰਕਾਰੀ ਵਿਚ) ਅਤੇ ਬੀ. ਐਡ. ਕਰ ਕੇ ਲੈਕਚਰਾਰ ਰਹੇ ਹਨ। ਗ਼ਜ਼ਲ, ਛੰਦ-ਬੰਦੀ ਕਾਵਿ, ਹਾਇਕੂ, ਕਹਾਣੀ, ਲੇਖ ਅਤੇ ਆਲੋਚਨਾ ਦੀਆਂ 30 ਸਾਂਝੀਆਂ ਪੁਸਤਕਾਂ ਅਤੇ ਆਪਣੀਆਂ ਦੋ ਪੁਸਤਕਾਂ ਛਾਪੀਆਂ ਹਨ। ਪੰਜਾਬੀ-ਸਾਂਝ (ਜਰਮਨ) ਦੇ ਸਹਿ-ਸੰਪਾਦਕ ਹਨ। (rupaljs@gmail.com).

ਡਾ. ਸਰਦਾਰ ਕਾਬਲ ਸਿੰਘ ਐਮ.ਐਸ.ਸੀ. ਅਤੇ ਪੀ.ਐਚ.ਡੀ. ਪੰਜਾਬ ਖੇਤੀਬਾੜੀ ਯੂਨੀਵਰਸਿਟੀ ਤੋਂ ਕਰ ਕੇ ਭਾਰਤ, ਜ਼ੈਂਬੀਆ ਅਤੇ ਕੈਨੇਡਾ ਵਿੱਚ ਤਕਨੀਕੀ ਸਲਾਹਕਾਰ ਅਤੇ ਕਾਲਜਾਂ ਦੇ ਡੀਨ ਰਹੇ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਧਿਐਨ ਕਰ ਕੇ ਸਮਕਾਲੀ ਮਸਲਿਆਂ ਬਾਰੇ ਲਿਖਦੇ ਹਨ।

Dr. Jasbir Singh Sarna, a scholar, historian and poet, studied at Khalsa College, Amritsar, where he founded and edited the magazine *Shamshir-Dast*.. He got *Bhai Kahn Singh Nabha Award, J & K Academy Award, Secular India Harmony Award, Mohan Singh Award, Bhai Nand Lal Goa Award, S. Jassa Singh Ahluwalia, Baba Bulleh Shah and Maharaja Hari Singh Awards.* He published 67 poetry. folklore, environment, history, and religious books. He retired from J&K.

ਪ੍ਰੋਫੈਸਰ ਸਰਦਾਰ ਮਨਿੰਦਰ ਸਿੰਘ ਐਮ.ਏ. ਕਰ ਕੇ ਗੁਰੂ ਨਾਨਕ ਕਾਲਜ ਧਨਬਾਦ ਵਿੱਚ ਲੈਕਚਰਾਰ ਰਹੇ। ਭਾਰਤ, ਮਲੇਸ਼ੀਆ, ਸਿੰਗਾਪੁਰ, ਅਤੇ ਕੈਨੇਡਾ ਵਿੱਚ ਸਿੱਖ ਵਿਦਿਆਰਥੀਆਂ ਨੂੰ ਗੁਰਮਤਿ ਦੀ ਸਿੱਖਿਆ ਦਿੱਤੀ। ਇੱਕ ਮੈਗਜ਼ੀਨ "ਜੋਤ ਤੇ ਜੁਗਤ" ਅਤੇ ਚਾਰ ਕਿਤਾਬਾਂ ਦਾ ਸੰਪਾਦਨ ਵੀ ਕੀਤਾ।

ਸਰਦਾਰ ਕਰਮਜੀਤ ਸਿੰਘ ਨੂਰ 2008 ਵਿੱਚ 'ਐਕਸੀਅਨ' ਰਿਟਾਇਰ ਹੋਏ। ਅੱਠ ਕਾਵਿ ਸੰਗ੍ਰਹਿ ਛਪੇ ਹਨ। ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਮੀਤ ਪ੍ਰਧਾਨ ਤੇ ਸਕੱਤਰ ਸਨ। ਭਾਰਤ ਅਤੇ ਵਿਦੇਸ਼ਾਂ ਵਿਚ ਕਵੀ ਦਰਬਾਰਾਂ ਵਿਚ ਅਨੇਕਾਂ ਸਨਮਾਨ ਪ੍ਰਾਪਤ ਹੋਏ। ਦਿੱਲੀ ਵਿਖੇ ਸ੍ਰ. ਪ੍ਰੀਤਮ ਸਿੰਘ ਕਾਸਦ ਯਾਦਗਾਰੀ ਪੁਰਸਕਾਰ ਦਿੱਤਾ ਗਿਆ। ਸ੍ਰੀ ਦਸਮੇਸ਼ ਇੰਟਰਨੈਸ਼ਨਲ ਪੰਜਾਬੀ ਕਵੀ ਸਭਾ ਦੀ ਪ੍ਰਧਾਨਗੀ ਕਰ ਰਹੇ ਹਨ।

Sardarni Gurnam Kaur has M.A. in Punjabi and M. Phil. in Library and Information science,.. Retired as Professional Assistant from Punjabi University, Patiala's Regional Centre at Bathinda.

<u>ਲੇਖਕਾਂ ਲਈ ਜ਼ਰੂਰੀ ਜਾਣਕਾਰੀ</u>

1. ਮੈਗਜ਼ੀਨ ਦੀ ਨੀਤੀ : ਪੰਜਾਬੀ ਭਾਸ਼ਾ, ਸੱਭਿਆਚਾਰ, ਇਤਿਹਾਸ, ਅਤੇ ਵਿਰਾਸਤ ਬਾਰੇ ਧਰਮ-ਨਿਰਪੱਖ, ਗੈਰ-ਸਿਆਸੀ ਲਿਖਤਾਂ (ਸਮੀਖਿਆ ਕਰਕੇ) ਛਾਪਣਾ।
2. ਲੇਖਕਾਂ ਦੇ ਵਿਚਾਰਾਂ ਲਈ ਜ਼ਿਮੇਵਾਰੀ ਲੇਖਕਾਂ ਦੀ ਹੀ ਹੋਵੇਗੀ, ਸੰਪਾਦਕੀ ਬੋਰਡ ਦੀ ਨਹੀਂ।
3. ਲਿਖਤ ਅਨਮੋਲ ਲਿਪੀ ਵਿਚ ਜਾਂ ਠਮਿਏਸ ਨੲੱ ਰੋਮਅਨ (14 ਫੌਂਟ) ਵਿਚ ਹੋਵੇ ਜੀ।
4. ਪ੍ਰਿੰਟ-ਸਕ੍ਰੀਨ, ਫੋਟੋ-ਕਾਪੀ, ਸਨਿੱਪ-ਟੂਲ, ਪੀ ਡੀ ਐਫ ਜਾਂ ਆਫਿਸ ਲੈਂਸ ਨਾ ਹੋਵੇ ਜੀ।
5. ਸਿੰਗਲ (1.0) ਲਾਈਨ ਸਪੇਸਿੰਗ ਤੇ ਹਾਸ਼ੀਏ ਲਈ ਚਾਰੇ ਪਾਸੇ ਇੱਕ ਇੰਚ ਜਗ੍ਹਾ ਛੱਡੀ ਹੋਵੇ।
6. ਲੇਖਕ ਆਪਣਾ ਨਾਮ, ਸ਼ਹਿਰ, ਦੇਸ, (ਚਾਹੁਣ ਤਾਂ ਪਾਸਪੋਰਟ ਸਾਈਜ਼ ਦੀ ਫੋਟੋ), ਫ਼ੋਨ, ਈ-ਮੇਲ, ਵੱਟਸਐਪ ਤੇ ਆਪਣੀ ਸੰਖੇਪ ਜਾਣਕਾਰੀ ਦੇਣ ਜੀ।
7. ਕੁਲ ਲੰਬਾਈ (ਲੈਪਟਾਪ ਦੇ) ਤਿੰਨ ਪੰਨਿਆਂ ਤਕ (ਫੋਟੋ ਲਈ ਸਪੇਸ ਸਮੇਤ) ਹੋਣ ਜੀ।
8. ਬਹੁਤੇ ਲੰਬੇ ਲੇਖ ***ਸਓਨਜਹਿਵਿਰਓਸਓਟ.ੋਰਗ*** ਦੇ 'ਬਲੌਗ' ਉਤੇ ਜਾਂ ਲੜੀਵਾਰ ਛਾਪੇ ਜਾਣਗੇ।
9. ਲੇਖਕਾਂ ਦੀ ਜ਼ਿਮੇਵਾਰੀ ਹੋਵੇਗੀ ਦੇਖਣ ਕਿ '***ਛੋਪੇਰਗਿਹਟ ੀਨਡਰਨਿਗਇਮੲਨਟ***' ਨਾ ਹੋਵੇ।
10. ਹਵਾਲੇ ਵਿਚ ਟਾਈਟਲ, ਮੂਲ ਲੇਖਕ, ਜਰਨਲ ਦਾ ਅੰਕ/ ਕਿਤਾਬ ਦਾ ਨਾਮ, ਸਾਲ ਤੇ ਪੰਨਾਂ ਨੰਬਰ ਦਿਓ ਜੀ। ਗੁਰਬਾਣੀ ਲਈ ਸਰੋਤ ਤੇ ਪੰਨਾਂ ਨੰਬਰ ਦੱਸਣਾ ਜ਼ਰੂਰੀ ਹੈ ਜੀ।

<u>Important Information for Authors</u>

1. Magazine Policy : To Promote Punjabi Culture, History and Heritage
   : Secular, Non-Political, Articles/Poems, after Review
2. Editorial Board : Will not be responsible for views of Authors / Poets.
3. Font preferred 14 : Panjabi-'Anmol Lipi' (English -Times New Roman)
4. Spacing, margin : Line-to-line 1.0, Margins One Inch on all four sides.
5. Format -WORD : No PDF, Photocopy, Print-screen, Snip, Office-Lens
6. Author's Data : Name, City (Country), A Brief (own) Introduction,
   Give Phone, E-mail, or WhatsApp. (photo - optional)
7. Maximum : Two pages (Including Photo) of 800 Laptop words.
8. Longer Articles : On BLOG Website *(sanjhivirasat.org)* or serialized.
9. Copy -Right (CR) : Authors will ensure there is 'No CR' Infringement.
10. References : Source (Author, Title, Journal / Book, Year, Pages.

ਸੰਪਾਦਕੀ ਮੰਡਲ (ਸਾਂਝੀ ਵਿਰਾਸਤ)

ਓਦਟਿੋਰਓਿਲ ਭੋਓਰਦ (*ਸ਼ਓਨਜਹਾਂ ਝਰਿਓਸਓਟ*)

ਡਾ. ਸਰਦਾਰ ਰਾਜਾ ਬਲਰਾਜ ਸਿੰਘ	ਕੈਲਗਰੀ (ਕੈਨੇਡਾ)
ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ	ਕੈਲਗਰੀ (ਕੈਨੇਡਾ)
ਪ੍ਰੋਫ਼ੈਸਰ ਸਰਦਾਰ ਮਨਿੰਦਰ ਸਿੰਘ	ਐਡਮਿੰਟਨ (ਕੈਨੇਡਾ)
ਡਾ. ਸਰਦਾਰ ਕਾਬਲ ਸਿੰਘ	ਐਡਮਿੰਟਨ (ਕੈਨੇਡਾ)
ਡਾ. ਸਰਦਾਰ ਬਲਦੇਵ ਸਿੰਘ	ਐਡਮਿੰਟਨ (ਕੈਨੇਡਾ)
ਸਰਦਾਰ ਜਗਬੀਰ ਸਿੰਘ ਕੋਹਲੀ	ਕੈਲਗਰੀ (ਕੈਨੇਡਾ)
ਸਰਦਾਰ ਪਰਮਜੀਤ ਸਿੰਘ	ਟੋਰੋਂਟੋ (ਕੈਨੇਡਾ)
ਸਰਦਾਰ ਜਸਵਿੰਦਰ ਸਿੰਘ ਰੁਪਾਲ	ਕੈਲਗਰੀ (ਕੈਨੇਡਾ)
ਸਰਦਾਰ ਉਂਕਾਰ ਸਿੰਘ ਟਿਵਾਣਾ	ਓਨਟਾਰੀਓ (ਕੈਨੇਡਾ)
ਡਾ. ਸਰਦਾਰ ਰਾਜਬੀਰ ਸਿੰਘ ਭੱਟੀ (ਤਕਨੀਕੀ ਸੰਪਾਦਕ)	ਕੈਲਗਰੀ (ਕੈਨੇਡਾ)
ਸਰਦਾਰ ਯੁਵਰਾਜ ਸਿੰਘ (ਤਕਨੀਕੀ ਸਲਾਹਕਾਰ)	ਕੈਲਗਰੀ (ਕੈਨੇਡਾ)
ਡਾ. ਸਰਦਾਰ ਸੁਰਜੀਤ ਸਿੰਘ ਭੱਟੀ (ਮੁਖ ਸੰਪਾਦਕ)	ਕੈਲਗਰੀ (ਕੈਨੇਡਾ)

ਸਲਾਹਕਾਰ

ਡਾ. ਸਰਦਾਰ ਕਾਲਾ ਸਿੰਘ	ਵੈਨਕੂਵਰ (ਕੈਨੇਡਾ)
ਡਾ. ਸਰਦਾਰ ਦੇਵਿੰਦਰ ਸਿੰਘ ਸੇਖੋਂ	ਵਿੰਡਸਰ (ਕੈਨੇਡਾ)
ਡਾ. ਸਰਦਾਰ ਦੇਵਿੰਦਰ ਪਾਲ ਸਿੰਘ	ਮਿਸੀਸਾਗਾ (ਕੈਨੇਡਾ)
ਡਾ. ਸਰਦਾਰ ਜਗਜੀਤ ਸਿੰਘ	ਵੈਨਕੂਵਰ (ਕੈਨੇਡਾ)
ਸਰਦਾਰ ਕਰਮਜੀਤ ਸਿੰਘ ਨੂਰ	ਜਲੰਧਰ (ਭਾਰਤ)
ਸਰਦਾਰਨੀ ਅਮ੍ਰਿਤਪਾਲ ਕੌਰ	ਜਲੰਧਰ (ਭਾਰਤ)
ਸ਼੍ਰੀ ਰਿਸ਼ੀ ਨਾਗਰ	ਕੈਲਗਰੀ (ਕੈਨੇਡਾ)
ਸ੍ਰ. ਰਣਸ਼ੇਰ ਰਾਜ ਸਿੰਘ (ਤਕਨੀਕੀ ਸਹਾਇਕ)	ਕੈਲਗਰੀ (ਕੈਨੇਡਾ)

ਐਡੀਟੋਰੀਅਲ ਬੋਰਡ

ਡਾ. ਰਾਜਾ ਬਲਰਾਜ ਸਿੰਘ

ਗੁਰਦੀਸ਼ ਕੌਰ ਗਰੇਵਾਲ

ਪ੍ਰੋਫ਼ੈਸਰ ਮਨਿੰਦਰ ਸਿੰਘ

ਡਾ. ਕਾਬਲ ਸਿੰਘ

ਡਾ. ਬਲਦੇਵ ਸਿੰਘ

ਸ੍ਰ. ਜਗਬੀਰ ਸਿੰਘ ਕੋਹਲੀ

ਸ੍ਰ. ਪਰਮਜੀਤ ਸਿੰਘ

ਸ੍ਰ. ਜਸਵਿੰਦਰ ਸਿੰਘ ਰੁਪਾਲ

ਸ੍ਰ. ਉਂਕਾਰ ਸਿੰਘ ਟਿਵਾਣਾ

ਡਾ. ਰਾਜਬੀਰ ਸਿੰਘ ਭੱਟੀ

ਸ੍ਰ. ਯੁਵਰਾਜ ਸਿੰਘ

ਡਾ. ਸੁਰਜੀਤ ਸਿੰਘ ਭੱਟੀ

ਸਲਾਹਕਾਰ

ਡਾ. ਕਾਲਾ ਸਿੰਘ

ਡਾ. ਡੀ. ਪੀ ਸਿੰਘ

ਡਾ. ਜਗਜੀਤ ਸਿੰਘ

ਡਾ. ਦਵਿੰਦਰ ਸਿੰਘ ਸੇਖੋਂ

ਸ੍ਰ. ਕਰਮਜੀਤ ਸਿੰਘ ਨੂਰ

ਅਮ੍ਰਿਤਪਾਲ ਕੌਰ

ਰਿਸ਼ੀ ਨਾਗਰ

ਰਣਸ਼ੇਰ ਰਾਜ ਸਿੰਘ
ਤਕਨੀਕੀ ਸਹਾਇਕ